SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 228 | Thursday, December 14, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਬਰੈਂਪਟਨ ਸਿਟੀ ਨੇ ਅਪਣਾਇਆ ਟੈਕਸਾਂ ਵਿੱਚ ਘੱਟ ਤੋਂ ਘੱਟ ਵਾਧੇ ਤੇ ਵੱਧ ਨਿਵੇਸ਼ ਵਾਲਾ ਬਜਟ

ਬਰੈਂਪਟਨ, 13 ਦਸੰਬਰ (ਪੋਸਟ ਬਿਊਰੋ) : ਅੱਜ ਲੰਮੀਂ ਸਿਟੀ ਪੱਧਰੀ ਮੀਟਿੰਗ ਤੋਂ ਬਾਅਦ ਪਹਿਲਾ ਮੇਅਰਜ਼ ਬਜਟ ਅਪਣਾਇਆ ਗਿਆ। ਬਰੈਂਪਟਨ ਦੇ 2024 ਬਜਟ ਵਿੱਚ ਵੱਧ ਰਹੀ ਆਬਾਦੀ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਕੇ ਇਨਫਰਾਸਟ੍ਰਕਚਰ, ਟਰਾਂਸਪੋਰਟੇਸ਼ਨ, ਮਨੋਰੰਜਕ ਸੁਖ ਸਹੂਲਤਾਂ, ਹੈਲਥ ਕੇਅਰ ਤੇ ਕਮਿਊਨਿਟੀ ਸੇਫਟੀ ਵਿੱਚ ਨਿਵੇਸ਼ ਦਾ ਫੈਸਲਾ ਕੀਤਾ ਗਿਆ। 2024 ਦੇ ਬਜਟ ਲਈ ਹੇਠ ਲਿਖੇ ਫੈਸਲੇ ਲਏ ਗਏ।




ਸਤੰਬਰ 2023 ਤੱਕ ਕੈਨੇਡਾ ਵਿੱਚ ਮਹਿੰਗਾਈ ਦਰ, ਜੋ ਕਿ 3.8 ਫੀ ਸਦੀ ਸੀ, ਨੂੰ ਵੇਖਦਿਆਂ ਹੋਇਆਂ ਸਿਟੀ ਵੱਲੋਂ ਟੈਕਸ ਵਿੱਚ 1.9 ਫੀ ਸਦੀ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ। ਇਹ ਵਾਧਾ ਪੀਲ ਰੀਜਨ ਦਾ ਅੱਧਾ, ਮਿਸੀਸਾਗਾ ਸਿਟੀ ਤੋਂ ਘੱਟ ਤੇ ਜੀਟੀਏ ਵਿੱਚ ਸੱਭ ਤੋਂ ਘੱਟ ਹੈ। ਸਿਟੀ ਦੀਆਂ ਬੱਸਾਂ, ਮਨੋਰੰਜਨ ਕੇਂਦਰਾਂ, ਪਬਲਿਕ ਸਪੇਸਿਜ਼ ਤੇ ਹੋਰ ਬੁਨਿਆਦੀ ਢਾਂਚੇ ਨੂੰ ਦਰੁਸਤ ਰੱਖਣ ਲਈ 139 ਮਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ 913 ਮਿਲੀਅਨ ਡਾਲਰ ਆਪਰੇਟਿੰਗ ਬਜਟ ਰੱਖਿਆ ਗਿਆ ਹੈ ਤੇ 544 ਮਿਲੀਅਨ ਡਾਲਰ ਕੈਪੀਟਲ ਬਜਟ ਰੱਖਿਆ ਗਿਆ ਹੈ।

ਹੈਲਥ ਕੇਅਰ ਦੇ ਖੇਤਰ ਵਿੱਚ ਸਿਟੀ ਵੱਲੋਂ ਪਹਿਲਾਂ ਹੀ 74 ਮਿਲੀਅਨ ਡਾਲਰ ਰਿਜ਼ਰਵ ਫੰਡ ਵਜੋਂ ਰੱਖੇ ਗਏ ਹਨ। ਇਸ ਦੇ ਨਾਲ ਹੀ 1 ਫੀ ਸਦੀ ਹੌਸਪਿਟਲ ਲੇਵੀ ਜਾਰੀ ਰੱਖੀ ਜਾਵੇਗੀ ਤਾਂ ਕਿ ਬਰੈਂਪਟਨ ਲਈ ਦੂਜਾ ਹਸਪਤਾਲ ਤੇ ਨਵਾਂ ਕੈਂਸਰ ਕੇਅਰ ਸੈਂਟਰ ਤਿਆਰ ਕੀਤਾ ਜਾ ਸਕੇ। ਇਸ ਦੇ ਨਾਲ ਹੀ ਨਵੇਂ ਮੈਡੀਕਲ ਸਕੂਲ (ਜੋ ਕਿ 2025 ਵਿੱਚ ਖੁੱਲ੍ਹ ਰਿਹਾ ਹੈ) ਲਈ ਵੀ ਰਕਮ ਰਾਖਵੀਂ ਰੱਖੀ ਗਈ ਹੈ।

ਟਰਾਂਜ਼ਿਟ ਦੇ ਖੇਤਰ ਵਿੱਚ ਬੱਸਾਂ ਦੀ ਖਰੀਦੋਫਰੋਖ਼ਤ ਤੇ ਰੀਫਰਬਿਸ਼ਮੈਂਟ ਲਈ 78.4 ਮਿਲੀਅਨ ਡਾਲਰ ਰੱਖੇ ਗਏ ਹਨ। ਬਰੈਂਪਟਨ ਟਰਾਂਜ਼ਿਟ ਜ਼ੂਮ ਸਰਵਿਸ ਦੇ ਪਸਾਰ ਲਈ ਬ੍ਰੈਮਲੀ ਰੋਡ ਕੌਰੀਡਰ ਵਾਸਤੇ 3.8 ਮਿਲੀਅਨ ਡਾਲਰ ਰੱਖੇ ਗਏ ਹਨ। ਇਸ ਦੇ ਨਾਲ ਹੀ 108,500 ਨਵੇਂ ਟਰਾਂਜ਼ਿਟ ਸਰਵਿਸ ਘੰਟੇ ਤੇ 136 ਨਵੇਂ ਬਰੈਂਪਟਨ ਟਰਾਂਜ਼ਿਟ ਆਪਰੇਟਰਜ਼ ਰੱਖਣ ਦਾ ਇੰਤਜ਼ਾਮ ਵੀ ਕੀਤਾ ਗਿਆ ਹੈ।

ਇਸ ਦੇ ਨਾਲ ਮਨੋਰੰਜਨ ਵਾਸਤੇ ਹੇਠ ਲਿਖੇ ਅਨੁਸਾਰ ਪੈਸੇ ਖਰਚੇ ਜਾਣਗੇ :

- Embleton Community Centre construction: $79.8M
- Howden Recreation Centre construction: $24.2M
- Tennis, pickleball, basketball, outdoor recreation amenities, dog park and playground enhancements: $6.1M
- Cricket infrastructure and programming: $8M
- Century Gardens Youth Hub construction: $5.5M
- Memorial Arena expansion (construction): $2.5M
- Lawn bowling at FCCC: $900,000
- Basketball court and enhancements at CAA Centre: $525,000
- Artificial turf field at Central Peel: $200,000
- New, inclusive multi-sensory room at Loafer's Lake Recreation Centre: $100,000

ਵਾਤਾਵਰਣ ਨੂੰ ਹੋਰ ਬਿਹਤਰ ਕਰਨ ਲਈ ਹੇਠ ਲਿਖੇ ਮੁਤਾਬਕ ਖਰਚਾ ਕੀਤਾ ਜਾਵੇਗਾ :

- Riverwalk phase one (flood protection): $87.3M
- Stormwater capital improvements: $7.9M
- Drainage channel inspection and maintenance program: $1M
- Erosion control and streambank stabilization: $1M
- Minimize energy and emissions through energy efficiency programs: $215,000
- Enhancing community gardens: $100,000
- Chinguacousy Park upgrades: $25,000

ਇਸ ਸਾਲ ਦਾ ਬਜਟ ਰੈਜ਼ੀਡੈਂਟਸ ਤੇ ਲੋਕਲ ਬਿਜ਼ਨਸਿਜ਼ ਤੋਂ ਫੀਡਬੈਕ ਲੈਣ ਤੋਂ ਬਾਅਦ ਤਿਆਰ ਕੀਤਾ ਗਿਆ।

## ਹੈਲਥ ਕੈਨੇਡਾ ਵੱਲੋਂ ਲੋਕਾਂ ਨੂੰ ਆਨਲਾਈਨ ਇੰਜੈਕਟੇਬਲ ਦਵਾਈਆਂ ਨਾ ਖਰੀਦਣ ਦੀ ਦਿੱਤੀ ਜਾ ਰਹੀ ਹੈ ਸਲਾਹ

ਓਟਵਾ, 13 ਦਸੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਲੋਕਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਕੈਨਲੈਬ ਰਿਸਰਚ ਨਾਂ ਦੀ ਕੰਪਨੀ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਅਣਅਧਿਕਾਰਕ ਇੰਜੈਕਟੇਬਲ ਦਵਾਈਆਂ ਨਾ ਖਰੀਦਣ ਕਿਉਂਕਿ ਉਨ੍ਹਾਂ ਨਾਲ ਸਿਹਤ ਨੂੰ ਖਤਰਾ ਹੋ ਸਕਦਾ ਹੈ। ਜਨਤਕ ਐਡਵਾਈਜ਼ਰੀ ਵਿੱਚ ਹੈਲਥ ਏਜੰਸੀ ਨੇ ਆਖਿਆ ਕਿ ਇਨ੍ਹਾਂ ਉਤਪਾਦਾਂ ਨੂੰ ਪੈਪਟਾਈਡਜ਼ ਵਜੋਂ ਪ੍ਰਮੋਟ ਕੀਤਾ ਜਾ ਰਿਹਾ ਹੈ ਤੇ ਇਨ੍ਹਾਂ ਨੂੰ ਕੈਨਲੈਬ ਰਿਸਰਚ ਦੀਆ ਵੈੱਬਸਾਈਟਸ ਜਿਵੇਂ ਕਿ canlabresearch.com ਅਤੇ canlab.net ਉੱਤੇ ਵੇਚਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕੈਨਲੈਬ





ਰਿਸਰਚ, ਮਾਂਟਰੀਅਲ ਸਥਿਤ ਅਜਿਹੀ ਅਖੌਤੀ ਕੰਪਨੀ ਹੈ ਜਿਹੜੀ ਕੈਨੇਡਾ ਵਿੱਚ ਪੈਪਟਾਈਡਜ਼ ਨੂੰ ਸਿੰਥੇਸਾਈਜ਼ ਕਰਦੀ ਹੈ ਤੇ ਤਿਆਰ ਕਰਦੀ ਹੈ। ਕੰਪਨੀ ਤੋਂ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਚਿੰਤਾ ਵਾਲੀ ਗੱਲ ਇਹ ਹੈ ਕਿ ਕੈਨਲੈਬ ਰਿਸਰਚ ਵੈਬਸਾਈਟਸ ਉੱਤੇ ਵੇਚੇ ਜਾਣ ਵਾਲੇ ਇਨ੍ਹਾਂ ਉਤਪਾਦਾਂ ਵਿੱਚ ਆਕਸੀਟੌਸਿਨ ਤੇ ਟ੍ਰਿਪਟੋਰਲਿਨ ਹੈ। ਲੋਕਾਂ ਨੂੰ ਇਨ੍ਹਾਂ ਉਤਪਾਦਾਂ ਦੀ ਵਰਤੋਂ ਨਾ ਕਰਨ ਲਈ ਆਖਿਆ ਜਾ ਰਿਹਾ ਹੈ। ਜੇ ਕਿਸੇ ਵੱਲੋਂ ਇਨ੍ਹਾਂ ਉਤਪਾਦਾਂ ਦੀ ਵਰਤੋਂ ਕੀਤੀ ਗਈ ਹੈ ਤੇ ਉਹ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਹਨ ਤਾਂ ਉਨ੍ਹਾਂ ਨੂੰ ਹੈਲਥ ਕੇਅਰ ਪ੍ਰੋਫੈਸ਼ਨਲਜ਼ ਨਾਲ ਸਲਾਹ ਕਰਨ ਲਈ ਆਖਿਆ ਜਾ ਰਿਹਾ ਹੈ।

ਇਸ ਦੇ ਨਾਲ ਹੀ ਲੋਕਾਂ ਨੂੰ ਲਾਇਸੰਸਸ਼ੁਦਾ ਫਾਰਮੇਸੀਜ਼ ਤੋਂ ਪ੍ਰਿਸਕ੍ਰਿਪਸ਼ਨ ਉੱਤੇ ਅਧਾਰਤ ਦਵਾਈਆਂ ਲੈਣ ਲਈ ਆਖਿਆ ਜਾ ਰਿਹਾ ਹੈ। ਹੈਲਥ ਕੈਨੇਡਾ ਵੱਲੋਂ ਬਿਨਾਂ ਭਰੋਸੇ ਵਾਲੀਆਂ ਅਜਿਹੀਆਂ ਵੈੱਬਸਾਈਟਸ ਤੋਂ ਲੋਕਾਂ ਨੂੰ ਹੈਲਥ ਪ੍ਰੋਡਕਟਸ ਨਾ ਖਰੀਦਣ ਦੀ ਸਲਾਹ ਵੀ ਦਿੱਤੀ ਜਾ ਰਹੀ ਹੈ।

## ਲਿਟਲ ਇਟਲੀ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ

ਓਨਟਾਰੀਓ, 13 ਦਸੰਬਰ (ਪੋਸਟ ਬਿਊਰੋ) : ਸਿਟੀ ਦੇ ਲਿਟਲ ਇਟਲੀ ਇਲਾਕੇ ਦੇ ਪੱਛਮ ਵੱਲ ਗੋਲੀ ਚੱਲਣ ਮਗਰੋਂ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਟਰੌਮਾ ਸੈਂਟਰ ਲਿਜਾਇਆ ਗਿਆ।



ਇਹ ਘਟਨਾ ਕਾਲਜ ਸਟਰੀਟ ਤੇ ਓਸਿੰਗਟਨ ਐਵਨਿਊ ਨੇੜੇ ਤੜ੍ਹਕੇ 3:45 ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਸ਼ੂਟਿੰਗ ਦੀ ਖਬਰ ਦੇ ਕੇ ਉਨ੍ਹਾਂ ਨੂੰ ਉੱਥੇ ਸੱਦਿਆ ਗਿਆ ਤੇ ਮੌਕੇ ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਜਾਨਲੇਵਾ ਨਹੀਂ ਸੀ। ਪੁਲਿਸ ਵੱਲੋਂ ਮਸ਼ਕੂਕਾਂ ਦੇ ਸਬੰਧ ਵਿੱਚ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

## ਜੰਗ ਵਿਚ ਖਤਮ ਹੋ ਗਏ ਯੂਕਰੇਨ ਦੇ ਹਥਿਆਰ, ਜ਼ੈਲੇਂਸਕੀ ਮੱਦਦ ਲਈ ਪੁੱਜੇ ਅਮਰੀਕਾ



ਵਾਸ਼ਿੰਗਟਨ, 13 ਦਸੰਬਰ (ਪੋਸਟ ਬਿਊਰੋ): ਰੂਸ ਅਤੇ ਯੂਕਰੇਨ ਵਿਚਾਲੇ ਜੰਗ ਨੂੰ 22 ਮਹੀਨੇ ਹੋ ਗਏ ਹਨ। ਪਰ ਹੁਣ ਤੱਕ ਕੋਈ ਨਤੀਜਾ ਨਹੀਂ ਨਿਕਲਿਆ ਹੈ। ਇੱਥੇ ਜੰਗ ਲੜਦਿਆਂ ਹੁਣ ਯੂਕਰੇਨ ਦੇ ਹਥਿਆਰ ਖ਼ਤਮ ਹੋ ਚੁੱਕੇ ਹਨ। ਅਜਿਹੇ 'ਚ ਯੂਕਰੇਨੀ ਫੌਜੀਆਂ ਦਾ ਮਨੋਬਲ ਟੁੱਟਣ ਲੱਗਾ ਹੈ। ਨਾਜ਼ੁਕ ਹਾਲਾਤਾਂ ਦੇ ਬਾਵਜੂਦ, ਹੁਣ ਯੂਰਪੀਅਨ ਦੇਸ਼ਾਂ ਨੇ ਯੂਕਰੇਨ ਨੂੰ ਹਥਿਆਰ ਦੇਣਾ ਜਾਂ ਤਾਂ ਬਹੁਤ ਘਟਾ ਦਿੱਤਾ ਹੈ ਜਾਂ ਬੰਦ ਕਰ ਦਿੱਤਾ ਹੈ। ...ਬਾਕੀ ਪੰਨਾ 2 'ਤੇ

# 2023 ਵਿੱਚ ਕੈਨੇਡੀਅਨ ਬਾਰਡਰਜ਼ ਉੱਤੇ ਬਰਾਮਦ ਕੀਤੇ ਗਏ 13,800 ਹਥਿਆਰ

ਓਟਵਾ, 13 ਦਸੰਬਰ (ਪੋਸਟ ਬਿਊਰੋ) : 2023 ਵਿੱਚ ਕੈਨੇਡਾ ਵਿੱਚ ਜਿੱਥੇ ਟਰੈਵਲਰਜ਼ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਉੱਥੇ ਹੀ ਸਰਹੱਦੋਂ ਆਰ ਪਾਰ ਲਿਜਾਏ ਜਾਣ ਵਾਲੇ ਹਥਿਆਰਾਂ ਤੇ ਨਸ਼ਿਆਂ ਵਿੱਚ ਵੀ ਵਾਧਾ ਵੇਖਣ ਨੂੰ ਮਿਲਿਆ ਹੈ।

ਪਹਿਲੀ ਜਨਵਰੀ ਤੇ 31 ਅਕਤੂਬਰ ਦਰਮਿਆਨ ਲੱਗਭਗ 73.7 ਮਿਲੀਅਨ ਟਰੈਵਲਰਜ਼ ਕੈਨੇਡਾ ਵਿੱਚ ਦਾਖਲ ਹੋਏ, ਜੋ ਕਿ 2022 ਦੇ ਮੁਕਾਬਲੇ 46 ਫੀ ਸਦੀ ਵੱਧ ਸਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ 2023 ਦੇ ਕੀਤੇ ਗਏ ਮੁਲਾਂਕਣ ਦੌਰਾਨ ਇਹ ਅੰਕੜੇ ਸਾਹਮਣੇ ਆਏ। ਬਹੁਤੇ ਟਰੈਵਲਰਜ਼ ਮਿਸੀਸਾਗਾ ਵਿੱਚ ਪੀਅਰਸਨ ਏਅਰਪੋਰਟ ਰਾਹੀਂ ਦਾਖਲ ਹੋਏ। ਸੀਬੀਐਸਏ ਦੇ ਬੁਲਾਰੇ ਐਡਮ ਜੇਮਜ਼ ਨੇ ਦੱਸਿਆ ਕਿ ਇਸ ਦੌਰਾਨ 12•3 ਮਿਲੀਅਨ ਲੋਕ ਇੱਥੇ ਆਏ। ਕੈਨੇਡਾ ਭਰ ਵਿੱਚ 29•2 ਮਿਲੀਅਨ



ਟਰੈਵਲਰਜ਼ ਹਵਾਈ ਰਸਤੇ ਕੈਨੇਡਾ ਆਏ, 4.8 ਮਿਲੀਅਨ ਜ਼ਮੀਨ ਰਾਹੀਂ, 3.4 ਮਿਲਅਨ ਮਰੀਨ ਟਰੈਵਲ ਰਾਹੀਂ ਤੇ 248,200 ਰੇਲ ਰਾਹੀਂ ਇੱਥੇ ਆਏ। ਕੈਨੇਡਾ ਵਿੱਚ ਦਾਖਲ ਹੋਏ ਲੱਗਭਗ 59,500 ਲੋਕ ਪਨਾਹ ਹਾਸਲ ਕਰਨ ਲਈ ਇੱਧਰ ਆਏ। ਇਨ੍ਹਾਂ ਵਿੱਚੋਂ 22,200 ਅਫਗਾਨੀ ਤੇ 169,100 ਯੂਕਰੇਨੀਅਨਜ਼ ਸਨ। 387,100 ਦੇ ਨੇੜੇ ਤੇੜੇ ਕੌਮਾਂਤਰੀ ਵਿਦਿਆਰਥੀ ਕੈਨੇਡਾ ਆਏ। ਮਹਾਂਮਾਰੀ ਖ਼ਤਮ ਹੋਣ ਤੋਂ ਬਾਅਦ ਇਸ ਤਰ੍ਹਾਂ ਦੇ ਅੰਕੜਿਆਂ ਦੀ ਉਮੀਦ ਵੀ ਕੀਤੀ ਜਾ ਰਹੀ ਸੀ।

ਟੂਰਿਜ਼ਮ ਵਧਣ ਦੇ ਨਾਲ ਨਾਲ ਗੈਰਕਾਨੂੰਨੀ ਗਤੀਵਿਧੀਆਂ ਵਿੱਚ ਵੀ ਵਾਧਾ ਵੇਖਣ ਨੂੰ ਮਿਲਿਆ। ਪਹਿਲੀ ਜਨਵਰੀ ਤੇ 31 ਅਕਤੂਬਰ ਦਰਮਿਆਨ ਸੀਬੀਐਸਏ ਨੇ 13,800 ਹਥਿਆਰ ਤੇ ਅਸਲਾ ਬਰਾਮਦ ਕੀਤਾ ਤੇ 2022 ਦੇ ਮੁਕਾਬਲੇ ਇਸ ਵਿੱਚ 75 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ। ਜੀਟੀਏ, ਜਿਸ ਵਿੱਚ ਹੈਮਿਲਟਨ ਤੇ ਕਿਚਨਰ-ਵਾਟਰਲੂ ਵੀ ਸ਼ਾਮਲ ਹੈ, ਵਿੱਚ 49 ਹਥਿਆਰ ਤੇ 842 ਬਣਾਉਟੀ ਹਥਿਆਰ ਬਰਾਮਦ ਹੋਏ। 6,200 ਪਾਬੰਦੀਸ਼ੁਦਾ ਹਥਿਆਰ ਬਰਾਮਦ ਹੋਏ।

ਇਸ ਤੋਂ ਇਲਾਵਾ ਕੈਨੇਡਾ ਵਿੱਚ ਦਾਖਲ ਹੋਣ ਸਮੇਂ 50,800 ਕਿੱਲੋ ਨਸ਼ੇ, ਨਾਰਕੌਟਿਕਸ ਤੇ ਕੈਮੀਕਲ ਬਰਾਮਦ ਕੀਤੇ ਗਏ। ਇਨ੍ਹਾਂ ਵਿੱਚ 2022 ਦੇ ਮੁਕਾਬਲੇ 35 ਫੀ ਸਦੀ ਵਾਧਾ ਦਰਜ ਕੀਤਾ ਗਿਆ। ਬਰਾਮਦ ਕੀਤੇ ਗਏ ਨਸ਼ਿਆਂ ਵਿੱਚ 0•56 ਕਿੱਲੋ ਫੈਂਟਾਨਿਲ, 88 ਕਿੱਲੋ ਹੈਰੋਈਨ, 1,475 ਕਿੱਲੋ ਕੋਕੀਨ, 46,451 ਕਿੱਲੋ ਹੋਰ ਨਸ਼ੇ ਆਦਿ ਸ਼ਾਮਲ ਸਨ। ਅਜਿਹੇ ਮਾਮਲਿਆਂ ਵਿੱਚ 2022 ਦੇ ਮੁਕਾਬਲੇ 61 ਫੀ ਸਦੀ ਵਾਧਾ ਵੇਖਣ ਨੂੰ ਮਿਲਿਆ। ਇਸ ਦੌਰਾਨ 12 ਲਾਪਤਾ ਬੱਚਿਆਂ ਨੂੰ ਵੀ ਉਨ੍ਹਾਂ ਦੇ ਪਰਿਵਾਰਾਂ ਜਾਂ ਪਿਆਰਿਆਂ ਨਾਲ ਮਿਲਾਇਆ ਗਿਆ। ਅਜਿਹਾ "ਆਰ ਮਿਸਿੰਗ ਚਿਲਡਰਨ" ਪ੍ਰੋਗਰਾਮ ਰਾਹੀਂ ਸੰਭਵ ਹੋ ਸਕਿਆ।

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

MagGas Medical Brampton
MGM
CPAP
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
647-998-7500
ਬਲਵਿੰਦਰ

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਜੰਗ ਵਿਚ ਖਤਮ ਹੋ ਗਏ ਯੂਕਰੇਨ ਦੇ ਹਥਿਆਰ, ਜ਼ੈਲੇਂਸਕੀ ਮੱਦਦ ਲਈ ਪੁੱਜੇ ਅਮਰੀਕਾ

ਪੰਨਾ 1 ਦਾ ਬਾਕੀ

ਅਜਿਹੇ 'ਚ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਦੀਆਂ ਚਿੰਤਾਵਾਂ ਵਧ ਗਈਆਂ ਹਨ। ਹੁਣ ਯੂਕਰੇਨ ਨੂੰ ਫਿਰ ਰੂਸ ਨਾਲ ਜੰਗ ਤੋਂ ਬਚਣ ਲਈ ਵੱਡੀ ਗਿਣਤੀ ਵਿੱਚ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਲੋੜ ਹੈ। ਅਜਿਹੇ 'ਚ ਜ਼ੇਲੇਂਸਕੀ ਇਕ ਵਾਰ ਫਿਰ ਅਮਰੀਕਾ ਦੇ ਦਰਵਾਜ਼ੇ 'ਤੇ ਪਹੁੰਚ ਗਏ ਹਨ। ਇਕ ਰਿਪੋਰਟ ਮੁਤਾਬਕ ਯੂਰਪੀ ਦੇਸ਼ਾਂ ਦੀ ਮਦਦ ਲਈ ਅਸਮਰੱਥਾ ਦਾ ਇਕ ਕਾਰਨ ਉਨ੍ਹਾਂ ਦੇ ਆਪਣੇ ਹਥਿਆਰਾਂ ਦੇ ਭੰਡਾਰ 'ਚ ਕਮੀ ਹੈ।

ਜ਼ੇਲੇਂਸਕੀ ਨੇ ਅਮਰੀਕੀ ਕਾਂਗਰਸ ਨੂੰ ਆਪਣੇ ਬਚਾਅ ਅਤੇ ਰੂਸ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਹੋਰ ਸਹਾਇਤਾ ਨੂੰ ਮਨਜ਼ੂਰੀ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਦੇਸ਼ ਆਪਣੀ ਆਜ਼ਾਦੀ ਲਈ ਲੜ ਰਿਹਾ ਹੈ। ਕੈਪੀਟਲ ਹਿੱਲ (ਸੰਸਦ ਹਾਊਸ) 'ਤੇ ਘੰਟਿਆਂਬੱਧੀ ਗੱਲਬਾਤ ਤੋਂ ਬਾਅਦ ਜ਼ੇਲੇਨਸਕੀ ਨੇ ਵ੍ਹਾਈਟ ਹਾਊਸ 'ਚ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਮੁਲਾਕ-ਾਤ ਕੀਤੀ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵਲੋਂ ਯੂਕਰੇਨ ਵਿਰੁੱਧ ਜੰਗ ਸ਼ੁਰੂ ਕਰਨ ਤੋਂ ਬਾਅਦ ਅਮਰੀਕਾ ਨੇ ਹੁਣ ਤੱਕ ਯੂਕਰੇਨ ਨੂੰ 111 ਬਿਲੀਅਨ ਅਮਰੀਕੀ ਡਾਲਰ ਮੁਹੱਈਆ ਕਰਵਾਏ ਹਨ। ਜ਼ੇਲੇਂਸਕੀ ਅਮਰੀਕਾ ਦੇ ਦੋ ਦਿਨਾਂ ਦੌਰੇ 'ਤੇ ਸਨ, ਹਾਲਾਂਕਿ ਇਹ ਅਸਪਸ਼ਟ ਹੈ ਕਿ ਕੀ ਉਹ ਸਹਾਇਤਾ ਨੂੰ ਲੈ ਕੇ ਸਿਆਸੀ ਰੁਕਾਵਟ ਨੂੰ ਤੋੜਨ ਵਿਚ ਕਾਮਯਾਬ ਹੋਣਗੇ ਜਾਂ ਨਹੀਂ।

# 22 ਸਾਲਾਂ ਬਾਅਦ ਇੱਕ ਵਾਰ ਫਿਰ ਸੰਸਦ ਦੀ ਸੁਰੱਖਿਆ ਵਿੱਚ ਵੱਡੀ ਭੁੱਲ, ਅੰਦਰ ਦਾਖਲ ਹੋਏ ਦੋ ਅਣਪਛਾਤੇ ਵਿਅਕਤੀ

ਨਵੀਂ ਦਿੱਲੀ, 13 ਦਸੰਬਰ (ਪੋਸਟ ਬਿਊਰੋ): ਸੰਸਦ ਦੀ ਸੁਰੱਖਿਆ 'ਚ ਬੁੱਧਵਾਰ ਨੂੰ ਹੋਈ ਵੱਡੀ ਢਿੱਲ-ਮੱਠ ਨੇ ਇਕ ਵਾਰ ਫਿਰ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਬੁੱਧਵਾਰ ਨੂੰ ਲੋਕ ਸਭਾ ਵਿੱਚ ਜਦੋਂ ਸਿਫ਼ਰ ਕਾਲ ਚੱਲ ਰਿਹਾ ਸੀ ਤਾਂ ਦੋ ਅਣਪਛਾਤੇ ਵਿਅਕਤੀ ਅੰਦਰ ਦਾਖ਼ਲ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਸਦਨ ਵਿੱਚ ਦਾਖ਼ਲ ਹੋਏ ਦੋਵੇਂ ਵਿਅਕਤੀ (ਲੋਕ ਸਭਾ ਵਿੱਚ ਸੁਰੱਖਿਆ ਦੀ ਉਲੰਘਣਾ) ਦਰਸ਼ਕ ਗੈਲਰੀ ਵਿੱਚੋਂ ਦਾਖ਼ਲ ਹੋਏ ਸਨ। ਹਾਲਾਂਕਿ ਸਦਨ ਦੇ ਅੰਦਰ ਮੌਜੂਦ ਸੰਸਦ ਮੈਂਬਰਾਂ ਅਤੇ ਸੁਰੱਖਿਆ ਕਰਮਚਾਰੀਆਂ ਨੇ ਦੋਵਾਂ ਨੂੰ ਫੜ੍ਹ ਲਿਆ। ਕੁਝ ਲੋਕ ਸੰਸਦ ਦੇ ਬਾਹਰ ਵੀ ਪ੍ਰਦਰਸ਼ਨ ਕਰ ਰਹੇ ਸਨ। ਜਿਨ੍ਹਾਂ ਨੂੰ ਬਾਅਦ ਵਿੱਚ ਦਿੱਲੀ ਪੁਲਿਸ ਨੇ ਹਿਰਾਸਤ ਵਿੱਚ ਵੀ ਲੈ ਲਿਆ ਹੈ। ਫਿਲਹਾਲ ਇਨ੍ਹਾਂ ਸਾਰੇ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਸੰਸਦ ਦੇ ਅੰਦਰ ਸੁਰੱਖਿਆ 'ਚ ਕੁਤਾਹੀ ਦਾ ਇਹ ਦੂਜਾ ਮਾਮਲਾ ਹੈ। ਸਾਲ 2001 'ਚ ਵੀ ਸੁਰੱਖਿਆ 'ਚ ਢਿੱਲ ਕਾਰਨ ਕੁਝ ਅੱਤਵਾਦੀ ਸੰਸਦ ਭਵਨ ਕੰਪਲੈਕਸ




'ਚ ਦਾਖਲ ਹੋ ਗਏ ਸਨ। ਹਾਲਾਂਕਿ ਇਸ ਦੌਰਾਨ ਸੰਸਦ ਦੀ ਸੁਰੱਖਿਆ ਲਈ ਤਾਇਨਾਤ ਸੁਰੱਖਿਆ ਕਰਮਚਾਰੀਆਂ ਨੇ ਬਹਾਦਰੀ ਦਿਖਾਉਂਦੇ ਹੋਏ ਇਨ੍ਹਾਂ ਅੱਤਵਾਦੀਆਂ ਨੂੰ ਸਦਨ 'ਚ ਦਾਖਲ ਹੋਣ ਤੋਂ ਪਹਿਲਾਂ ਹੀ ਮਾਰ ਦਿੱਤਾ।

ਬੁੱਧਵਾਰ ਨੂੰ ਵਾਪਰੀ ਇਸ ਘਟਨਾ ਬਾਰੇ ਲੋਕ ਸਭਾ ਸਪੀਕਰ ਉਮ ਬਿਰਲਾ ਨੇ ਕਿਹਾ ਹੈ ਕਿ ਇਸ ਘਟਨਾ ਦੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਸਦਨ ਵਿੱਚ ਕਿਹਾ ਕਿ ਸਾਰੇ ਸੰਸਦ ਮੈਂਬਰਾਂ ਦੀ ਸੁਰੱਖਿਆ ਮੇਰੀ ਜ਼ਿੰਮੇਵਾਰੀ ਹੈ। ਇਸ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਇਸ ਘਟਨਾ ਦਾ ਕਾਰਨ ਕੀ ਹੈ ਅਤੇ ਭਵਿੱਖ ਵਿੱਚ ਅਜਿਹੀ ਕਿਸੇ ਵੀ ਘਟਨਾ ਨੂੰ ਵਾਪਰਨ ਤੋਂ ਰੋਕਣ ਲਈ ਕੀ ਕੀਤਾ ਜਾਣਾ ਚਾਹੀਦਾ ਹੈ।

## ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਮੁਸ਼ਕਿਲਾਂ ਫਿਰ ਵਧੀਆਂ, ਤੋਸ਼ਾਖਾਨਾ ਮਾਮਲੇ 'ਚ ਦਾਇਰ ਅੰਤਰਿਮ ਜ਼ਮਾਨਤ ਪਟੀਸ਼ਨ ਖਾਰਜ

ਲਾਹੌਰ, 13 ਦਸੰਬਰ (ਪੋਸਟ ਬਿਊਰੋ): ਪਾਕਿਸਤਾਨ ਦੀ ਸਿਆਸਤ 'ਚ ਇਨ੍ਹੀਂ ਦਿਨੀਂ ਹਲਚਲ ਚੱਲ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਮੁਸੀਬਤਾਂ ਘੱਟ ਹੋਣ ਦੇ ਨਾਮ ਨਹੀਂ ਲੈ ਰਹੀਆਂ ਹਨ। ਦਰਅਸਲ ਤੋਸ਼ਾਖਾਨਾ ਮਾਮਲੇ 'ਚ ਖਾਨ ਦੀ ਅੰਤਰਿਮ ਜ਼ਮਾਨਤ ਪਟੀਸ਼ਨ ਬੁੱਧਵਾਰ ਨੂੰ ਖਾਰਜ ਕਰ ਦਿੱਤੀ ਗਈ ਸੀ। ਪਾਕਿਸਤਾਨ ਦੀ ਇੱਕ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਨੇ ਇਸ ਮਾਮਲੇ ਵਿੱਚ ਆਪਣਾ ਫੈਸਲਾ ਸੁਣਾਇਆ ਹੈ।

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਸਥਿਤ ਜਵਾਬਦੇਹੀ ਅਦਾਲਤ ਦੇ ਜਸਟਿਸ ਮੁਹੰਮਦ ਬਸ਼ੀਰ ਨੇ ਬੁੱਧਵਾਰ ਨੂੰ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿੱਚ ਰਾਸ਼ਟਰੀ ਜਵਾਬਦੇਹੀ ਬਿਊਰੋ ਵੱਲੋਂ ਦਰਜ ਕੀਤੇ ਗਏ ਕੇਸ ਦੀ ਸੁਣਵਾਈ ਕੀਤੀ।




ਅਦਾਲਤੀ ਕਾਰਵਾਈ ਦੌਰਾਨ ਦਲੀਲਾਂ ਸੁਣਨ ਤੋਂ ਬਾਅਦ ਜੱਜ ਨੇ ਜ਼ਮਾਨਤ ਪਟੀਸ਼ਨ 'ਤੇ ਫੈਸਲਾ ਸੁਰੱਖਿਅਤ ਰੱਖ ਲਿਆ ਅਤੇ ਸੁਣਵਾਈ ਵੀਰਵਾਰ ਤੱਕ ਲਈ ਮੁਲਤਵੀ ਕਰ ਦਿੱਤੀ। ਹਾਲਾਂਕਿ ਸ਼ਾਮ ਤੱਕ ਐੱਨਏਬੀ ਦੇ ਡਿਪਟੀ ਪ੍ਰੌਸੀਕਿਊਟਰ ਜਨਰਲ ਮੁਜ਼ੱਫਰ ਅੱਬਾਸੀ ਮੀਡੀਆ ਸਾਹਮਣੇ ਪੇਸ਼ ਹੋਏ ਅਤੇ ਦੱਸਿਆ ਕਿ ਤੋਸ਼ਾਖਾਨਾ ਮਾਮਲੇ 'ਚ ਖਾਨ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਗਈ ਹੈ। ਅੱਬਾਸੀ ਮੁਤਾ-ਬਕ ਹੁਣ ਖਾਨ ਦੇ ਖਿਲਾਫ ਗ੍ਰਿਫਤਾਰੀ ਦੇ ਹੁਕਮ ਹੋਣਗੇ। ਐੱਨਏਬੀ ਵੀਰਵਾਰ ਨੂੰ ਮੁਲਜ਼ਮਾਂ ਦੇ ਸਰੀਰਕ ਰਿਮਾਂਡ ਦੀ ਮੰਗ ਕਰੇਗੀ।

ਮੀਡੀਆ ਰਿਪੋਰਟਾਂ ਦੇ ਅਨੁਸਾਰ, ਇੱਕ ਦਿਨ ਪਹਿਲਾਂ ਮੰਗਲਵਾਰ ਨੂੰ ਇੱਕ ਵਿਸ਼ੇਸ਼ ਅਦਾਲਤ ਨੇ ਇੱਕ ਵਾਰ ਫਿਰ ਖਾਨ ਅਤੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਦੇਸ਼ ਦੀ ਗੁਪਤ ਸੂਚਨਾਵਾਂ ਨੂੰ ਕਥਿਤ ਤੌਰ 'ਤੇ ਲੀਕ ਕਰਨ ਅਤੇ ਸਿਫਰ ਮਾਮਲੇ ਵਿੱਚ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ। ਦੱਸ ਦੇਈਏ ਕਿ ਇਮਰਾਨ ਖਾਨ ਇਸ ਸਮੇਂ 26 ਸਤੰਬਰ ਤੋਂ ਰਾਵਲਪਿੰਡੀ ਦੀ ਅਦਿਆਲਾ ਜੇਲ 'ਚ ਬੰਦ ਹਨ। ਅਦਿਆਲਾ ਪਾਕਿਸਤਾਨ ਦੀਆਂ ਉੱਚ ਸੁਰੱਖਿਆ ਵਾਲੀਆਂ ਜੇਲ੍ਹਾਂ ਵਿੱਚੋਂ ਇੱਕ ਹੈ।

## ਨਵਾਜ਼ ਸ਼ਰੀਫ਼ ਨੂੰ ਵੱਡੀ ਰਾਹਤ! ਅਦਾਲਤ ਨੇ ਅਲ-ਅਜ਼ੀਜ਼ੀਆ ਭ੍ਰਿਸ਼ਟਾਚਾਰ ਮਾਮਲੇ 'ਚ ਕੀਤਾ ਬਰੀ

ਇਸਲਾਮਾਬਾਦ, 13 ਦਸੰਬਰ (ਪੋਸਟ ਬਿਊਰੋ): ਇਸਲਾਮਾਬਾਦ ਹਾਈ ਕੋਰਟ ਨੇ ਮੰਗਲਵਾਰ ਨੂੰ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਸੁਪਰੀਮੋ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਅਲ-ਅਜ਼ੀਜ਼ੀਆ ਸਟੀਲ ਮਿਲ ਭ੍ਰਿਸ਼ਟਾਚਾਰ ਮਾਮਲੇ 'ਚ ਬਰੀ ਕਰ ਦਿੱਤਾ ਹੈ। ਅਦਾਲਤ ਦੇ ਇਸ ਫੈਸਲੇ ਨੇ ਆਉਣ ਵਾਲੀਆਂ ਚੋਣਾਂ ਵਿੱਚ ਸ਼ਰੀਫ਼ ਦੀ ਪਾਰਟੀ ਦੀ ਅਗਵਾਈ ਕਰਨ ਦੇ ਰਾਹ ਵਿੱਚ ਇੱਕ ਵੱਡੀ ਕਾਨੂੰਨੀ ਰੁਕਾਵਟ ਨੂੰ ਦੂਰ ਕਰ ਦਿੱਤਾ ਹੈ। 73 ਸਾਲਾ ਸ਼ਰੀਫ਼ ਨੂੰ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਨੇ ਦਸੰਬਰ 2018 ਵਿੱਚ ਸੱਤ ਸਾਲ ਦੀ ਸਜ਼ਾ ਸੁਣਾਈ ਸੀ ਅਤੇ ਭਾਰੀ ਜੁਰਮਾਨਾ ਲਾਇਆ ਸੀ। ਅਦਾਲਤ ਨੇ ਸ਼ਰੀਫ਼ ਦੀ ਇਸ ਦਲੀਲ ਨੂੰ ਸਵੀਕਾਰ ਨਹੀਂ ਕੀਤਾ ਕਿ ਉਸ ਦਾ 2001



ਵਿੱਚ ਸਾਊਦੀ ਅਰਬ ਵਿੱਚ ਆਪਣੇ ਪਿਤਾ ਵੱਲੋਂ ਸਥਾਪਿਤ ਕੀਤੀ ਸਟੀਲ ਮਿੱਲ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਦੱਸ ਦਈਏ ਕਿ ਪੀਐੱਮਐੱਲ-ਐੱਨ ਚੀਫ ਨੂੰ ਪਹਿਲਾਂ ਹੀ ਐਵਨਫੀਲਡ ਕੇਸ ਵਿੱਚ ਬਰੀ ਕਰ ਦਿੱਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਨੂੰ ਜੁਲਾਈ 2018 ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ 10 ਸਾਲ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਇੱਕ ਹੋਰ ਕੇਸ ਵਿੱਚ ਵੀ ਰਾਹਤ ਮਿਲੀ ਹੈ ਜਿਸ ਵਿੱਚ ਉਨ੍ਹਾਂ ਨੂੰ ਅਦਾਲਤ ਨੇ 2018 ਵਿੱਚ ਬਰੀ ਕਰ ਦਿੱਤਾ ਸੀ, ਪਰ ਇਸ ਬਰੀ ਹੋਣ ਨੂੰ ਕੌਮੀ ਜਵਾਬਦੇਹੀ ਬਿਊਰੋ (ਐਨਏਬੀ) ਨੇ ਇਸਲਾਮਾਬਾਦ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਇਸਲਾਮਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਆਮਿਰ ਫਾਰੂਕ ਅਤੇ ਜਸਟਿਸ ਮੀਆਂਗੁਲ ਹਸਨ ਔਰੰਗਜ਼ੇਬ ਦੀ ਬੈਂਚ ਨੇ 2018 ਵਿੱਚ ਰਾਸ਼ਟਰੀ ਜਵਾਬਦੇਹੀ ਨਿਗਰਾਨ ਐਨਏਬੀ ਦੁਆਰਾ ਦਰਜ ਇੱਕ ਮਾਮਲੇ ਵਿੱਚ ਇੱਕ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਦੁਆਰਾ ਉਸਦੀ ਸਜ਼ਾ ਦੇ ਖਿਲਾਫ ਅਪੀਲ ਦੀ ਸੁਣਵਾਈ ਕੀਤੀ।

## ਨੌਕਰੀ ਦੇ ਬਹਾਨੇ ਠੱਗੀ ਮਾਰਨ ਵਾਲੇ ਗਿਰੋਹ ਦਾ ਪਰਦਾਫਾਸ਼, 400 ਤੋਂ ਵੱਧ ਪਾਸਪੋਰਟ ਜ਼ਬਤ

ਮੁੰਬਈ, 13 ਦਸੰਬਰ (ਪੋਸਟ ਬਿਊਰੋ): ਸੈਂਕੜੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ਾਂ 'ਚ ਨੌਕਰੀਆਂ ਦਿਵਾਉਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਮੁੰਬਈ ਸਥਿਤ ਠੱਗ ਗਿਰੋਹ ਦੇ ਮੁੱਖ ਮੁਲਜ਼ਮ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੇ ਨਾਲ ਹੀ ਨੌਜਵਾਨ ਦੇ ਸਾਥੀ ਨੂੰ ਵੀ ਪੱਛਮੀ ਬੰਗਾਲ ਤੋਂ ਹਿਰਾਸਤ 'ਚ ਲਿਆ ਗਿਆ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਮੁੱਖ ਮੁਲਜ਼ਮ ਦੇ ਘਰ ਤਲਾਸ਼ੀ ਦੌਰਾਨ ਨੌਕਰੀ ਦੇ ਚਾਹਵਾਨਾਂ ਦੇ 482 ਪਾਸਪੋਰਟ ਬਰਾਮਦ ਕੀਤੇ, ਜਿਸ ਨਾਲ ਹੁਣ ਤੱਕ ਜ਼ਬਤ ਕੀਤੇ ਗਏ ਅਜਿਹੇ ਯਾਤਰਾ ਦਸਤਾਵੇਜ਼ਾਂ ਦੀ ਗਿਣਤੀ 544 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਮੁੰਬਈ ਪੁਲਿਸ ਦੀ ਅਪਰਾਧ ਸ਼ਾਖਾ ਨੇ ਪੱਛਮੀ ਬੰਗਾਲ



ਦੇ ਉੱਤਰੀ 24 ਪਰਗਨਾ ਦੇ ਰਹਿਣ ਵਾਲੇ ਪਤਿਤ ਪਾਵਨ ਪੁਨਿਨ ਹਲਦਰ (36) ਅਤੇ ਉਸ ਦੇ ਸਾਥੀ ਮੁਹੰਮਦ ਇਲਿਆਸ ਸ਼ੇਖ ਮਨਸੂਰੀ (49) ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਕਮਰਹਾਟੀ ਦਾ ਰਹਿਣ ਵਾਲਾ ਹੈ। ਇਸ ਦੇ ਨਾਲ ਹੀ ਮੁੰਬਈ ਪੁਲਿਸ ਇਸ ਮਾਮਲੇ ਵਿੱਚ ਹੁਣ ਤੱਕ 7 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।
















# ਪੈਨਲਟੀ ਕਾਰਨਰ ਦਾ ਕਿੰਗ ਸੀ ਪ੍ਰਿਥੀਪਾਲ ਸਿੰਘ

-ਪ੍ਰਿੰ. ਸਰਵਣ ਸਿੰਘ-

ਪ੍ਰਿਥੀਪਾਲ ਸਿੰਘ ਹਾਕੀ ਦਾ ਵਿਸ਼ਵ ਪ੍ਰਸਿੱਧਫੁੱਲ ਬੈਕ ਖਿਡਾਰੀ ਸੀ। ਉਸ ਨੂੰ ਪੈਨਲਟੀ ਕਾਰਨਰ ਦਾ ਕਿੰਗ ਕਿਹਾ ਜਾਂਦਾ ਸੀ। ਉਹ ਤਿੰਨ ਓਲੰਪਿਕਸ ਖੇਡਿਆ ਤੇ ਤਿੰਨੇ ਵਾਰ ਸਭ ਤੋਂ ਵੱਧ ਗੋਲ ਕੀਤੇ। ਉਸ ਦੀ ਜ਼ੋਰਦਾਰ ਹਿੱਟ ਮੂਹਰੇ ਗੋਲਕੀਪਰਾਂ ਤੇ ਡਿਫੈਂਡਰਾਂ ਦੀ ਕੋਈਵਾਹ ਪੇਸ਼ ਨਹੀਂ ਸੀ ਜਾਂਦੀ। ਹਿੱਟਰੋਕਣ ਦੀ ਥਾਂਉਹਬਾਲਲਾਂਭੇ ਦੀ ਲੰਘ ਜਾਣ ’ਚ ਹੀ ਬਚਾਅ ਸਮਝਦੇ। ਉਹ ਭਾਰਤੀ ਹਾਕੀ ਟੀਮ ਦਾ ਬੰਬ ਸੀ, ਸਭ ਤੋਂ ਖ਼ਤਰਨਾਕ ਹਥਿਆਰ।ਉਹਦੀ ਖ਼ਤਰਨਾਕਹਿੱਟ ’ਤੇ ਕਾਬੂ ਪਾਉਣ ਲਈ ਐੱਫ.ਆਈ.ਐੱਚ ਨੂੰ ਪੈਨਲਟੀ ਕਾਰਨਰ ਲਾਉਣ ਦੇ ਨਿਯਮ ਬਦਲਣੇ ਪਏ ਸਨ!

ਪਹਿਲਾਂ ਪੈਨਲਟੀ ਕਾਰਨਰ ਦੀ ਹਿੱਟ ਸਿੱਧੀ ਗੋਲ ਦੇ ਨੈੱਟ ਵਿਚ ਵੀ ਜਾ ਲੱਗੇ ਤਾਂ ਗੋਲ ਗਿਣਿਆ ਜਾਂਦਾ ਸੀ। ਫਿਰ ਨਿਯਮ ਬਣ ਗਿਆ ਕਿ ਪੈਨਲਟੀ ਕਾਰਨਰ ਦੀ ਹਿੱਟ ਜੇ ਗੋਲ ਪੋਸਟ ਦੇਫੱਟੇ ’ਚ ਵੱਜੇ ਤਦ ਹੀ ਗੋਲ ਗਿਣਿਆ ਜਾਵੇਗਾ ਵਰਨਾ ਹਿੱਟ ਫਾਊਲ ਕਰਾਰ ਦੇ ਦਿੱਤੀ ਜਾਵੇਗੀ। ਜਦੋਂ ਇਹ ਨਿਯਮ ਬਣਿਆ ਤਾਂ ਅਖ਼ਬਾਰਾਂ ’ਚ ਚਰਚਾ ਹੋਈ ਕਿ ਪ੍ਰਿਥੀਪਾਲ ਦੀ ਹਿੱਟ ਤੋਂ ਡਰਦਿਆਂ ਹੀ ਪੈਨਲਟੀ ਕਾਰਨਰ ਦਾਨਿਯਮ ਬਦਲਿਆ ਗਿਆ ਹੈ! ਨਿਊਜ਼ੀਲੈਂਡ ਦੇ ਇਕ ਅਖ਼ਬਾਰ ਨੇ ਤਾਂ ਪ੍ਰਿਥੀਪਾਲ ਨੂੰ ਭਾਰਤੀ ਹਾਕੀ ਟੀਮ ਦਾ ‘ਬੰਬ’ ਲਿਖ ਦਿੱਤਾ ਸੀ ਤੇ ਗੋਲਕੀਪਰਾਂ ਨੂੰ ਸੁਚੇਤ ਕੀਤਾ ਸੀ ਕਿ ਉਸ ਦੀ ਹਿੱਟ ਰੋਕਣਾ ਆਪਣੀ ਜਾਨ ਖ਼ਤਰੇ ਵਿਚ ਪਾਉਣਾ ਹੈ। ਇਹੋ ਜਿਹੀ ਸੀ ਨਨਕਾਣੇ ਦੇ ਜੰਮਪਲ ਪ੍ਰਿਥੀਪਾਲ ਸਿੰਘ ਦੀ ਦਹਿਸ਼ਤ!

ਉਸ ਦਾ ਜਨਮ 28 ਫਰਵਰੀ 1932 ਨੂੰ ਨਨਕਾਣਾ ਸਾਹਿਬ ਵਿਖੇ ਹੋਇਆ ਸੀ।ਤਦੇਮੈਂ ਉਹਦੇ ਬਾਰੇ ਲਿਖੇਲੇਖ ਦਾ ਨਾਂ ‘ਗੁਰੂ ਨਾਨਕ ਦਾ ਗਰਾਂਈਂ’ ਰੱਖਿਆ ਸੀ ਜੋ 1966 ’ਚ ‘ਆਰਸੀ’ ਵਿਚ ਛਪਿਆ।ਤਦ ਉਹ ਪੂਰੀ ਚੜ੍ਹਾਈ ਵਿਚ ਸੀ। ਨਨਕਾਣਾ ਸਾਹਿਬ ਦੇ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਵਿਚ ਉਸ ਦੇ ਪਿਤਾ ਸ. ਵਧਾਵਾ ਸਿੰਘ ਮਾਸਟਰ ਸਨ ਜੋ ਖੇਡ ਪ੍ਰੇਮੀ ਸਨ। ਪ੍ਰਿਥੀਪਾਲ ਦਾ ਖੇਡ ਕੈਰੀਅਰ ਉਸੇ ਸਕੂਲ ਦੇ ਖੇਡ ਮੈਦਾਨ ’ਚੋਂ ਸ਼ੁਰੂ ਹੋਇਆ।ਉਥੇ ਉਹ ਫੁੱਟਬਾਲ ਖੇਡਣ ਲੱਗਾ। ਫਿਰ 1947 ਦੇ ਉਜਾੜੇ ’ਚ ਉਨ੍ਹਾਂ ਨੂੰਨਨਕਾਣਾ ਸਾਹਿਬ ਛੱਡ ਕੇ ਬਹਾਦਰਗੜ੍ਹਕੋਲਪਿੰਡ ਭੱਟ ਮਾਜਰੇ ਆਉਣਾ ਪਿਆ। ਉਥੇ ਅਲਾਟ ਹੋਈ ਜ਼ਮੀਨ ਵਿਚ ਉਨ੍ਹਾਂ ਦਾ ਪਰਿਵਾਰ ਮੁੜ ਖੇਤੀ ਕਰਨ ਲੱਗਾ।

18 ਸਾਲ ਦੀ ਉਮਰੇ ਉਹ ਖੇਤੀਬਾੜੀ ਕਾਲਜ ਲੁਧਿਆਣੇ ਦਾਖਲ ਹੋਇਆ। 1950-51 ਦੇ ਸੈਸ਼ਨਵਿਚਕੁੱਲ 120 ਵਿਦਿਆਰਥੀਸਨ।ਕਾਲਜ ਦੀ ਹਾਕੀ ਟੀਮ ਬਣਾਉਣ ਲਈਗਿਆਰਵਾਂ ਖਿਡਾਰੀ ਨਹੀਂ ਸੀ ਲੱਭ ਰਿਹਾ। ਸਕੂਲ ਵਿਚ ਫੁੱਟਬਾਲ ਖੇਡਦੇ ਰਹੇਪ੍ਰਿਥੀਪਾਲ ਨੂੰ ਹੁੰਦੜਹੇਲ ਵੇਖ ਕੇ ਫੁੱਲ ਬੈਕ ਦੀ ਜਗ੍ਹਾ ਖੜ੍ਹਾਅ ਲਿਆ ਗਿਆ। ਉਸ ਜਗ੍ਹਾ ਉਹ ਐਸਾ ਜੰਮਿਆ ਕਿ ਬਾਅਦ ਵਿਚ ਵਿਸ਼ਵ ਦਾ ਸਭ ਤੋਂ ਤਕੜਾ ਫੁੱਲ ਬੈਕ ਖਿਡਾਰੀ ਸਾਬਤ ਹੋਇਆ। ਕਾਲਜ ਦੀ ਹਾਕੀ ਟੀਮ ਵੱਲੋਂ ਉਹ ਹਰ ਸਾਲ ਖੇਡਦਾ। 1955 ਵਿਚ ਉਸ ਨੇ ਪੰਜਾਬ ਯੂਨੀਵਰਸਿਟੀ ਹਾਕੀ ਟੀਮ ਦੀ ਕਪਤਾਨੀ ਕੀਤੀ। ਖੇਡਣ ਦੇ ਨਾਲ ਉਹ ਪੜ੍ਹਾਈ ਵਿਚ ਵੀ ਵਜ਼ੀਫ਼ੇ ਲੈਂਦਾ ਰਿਹਾ। ਉਹਦਾ ਕੱਦ 5 ਫੁੱਟ 9 ਇੰਚ ਸੀ ਤੇ ਵਜ਼ਨ 71 ਕਿਲੋਗਰਾਮ। ਨੱਕ ਤਿੱਖਾ ਸੀ, ਮੱਥਾ ਚੌੜਾ, ਮੁੱਛਾਂ ਨਿੱਕੀਆਂ, ਬੁੱਲ੍ਹ ਢਾਲੂ ਤੇ ਬਾਹਾਂ ਤਕੜੀਆਂ ਸਨ। ਹੱਥ ਉਸ ਤੋਂ ਵੀ ਤਕੜੇ ਤੇ ਉਂਗਲਾਂ ਮੋਟੀਆਂ ਮਜ਼ਬੂਤ। ਜਦ ਦੌੜਦਾ ਤਾਂ ਉਹਦੀ ਗਿੱਚੀ ਪਿੱਛੇ ਲਟਕਦੇ ਵਾਲ ਛਾਲਾਂ ਮਾਰਦੇ ਲੱਗਦੇ। ਮੈਦਾਨ ’ਚ ਖੜ੍ਹਾ ਉਹ ਲੋਹੜੇ ਦਾ ਸਜਦਾ।

ਕਾਲਜ ਤੇ ਯੂਨੀਵਰਸਿਟੀ ਵਿਚ ਉਹ 1950 ਤੋਂ 56 ਤਕ ਪੜ੍ਹਿਆ ਤੇ ਖੇਡਿਆ।ਐੱਮਐੱਸਸੀ ਫਸਟ ਕਲਾਸ ਵਿਚ ਕਰਨ ਪਿੱਛੋਂ ਲੈਕਚਰਾਰ ਲੱਗਣਾ ਸੀ ਪਰਉਸ ਨੂੰ ਜਲੰਧਰ ਦੇ ਪੁਲੀਸ ਅਫਸਰ ਅਸ਼ਵਨੀ ਕੁਮਾਰਨੇ ਪੰਜਾਬ ਪੁਲਿਸ ਵਿਚ ਠਾਣੇਦਾਰ ਭਰਤੀ ਕਰ ਲਿਆ। ਪੰਜਾਬ ਪੁਲਿਸ ਦੀ ਟੀਮਕੱਪ ’ਤੇ ਕੱਪ ਜਿੱਤਣ ਲੱਗੀ। 1958 ਵਿਚ ਉਹ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ। ਉਸ ਟੀਮ ਨੇ ਕੀਨੀਆ, ਯੂਗੰਡਾ, ਤਨਜ਼ਾਨੀਆ ਤੇ ਜੰਜ਼ੀਬਾਰ ਵਿਚ ਮੈਚ ਖੇਡੇ। 1959 ਵਿਚ ਉਹ ਮਿਊਨਿਖ਼ ਦਾ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਖੇਡਿਆ ਤੇ ਯੂਰਪ ਦੇ ਕਈਮੁਲਕਾਂ ਦਾ ਦੌਰਾ ਕੀਤਾ। 1960 ’ਚ ਰੋਮ ਦੀਆਂ ਓਲੰਪਿਕ ਖੇਡਾਂ ਵਿਚ ਉਸ ਨੇ ਡੈਨਮਾਰਕ ਤੇ ਹਾਲੈਂਡ ਦੀਆਂ ਟੀਮਾਂ ਵਿਰੁੱਧ ਹੈਟ ਟ੍ਰਿਕ ਮਾਰੇ। ਹਾਲੈਂਡ ਵਿਰੁਧ ਤਾਂ ਤਿੰਨੇ ਗੋਲ ਅਖ਼ੀਰਲੇ ਛੇ ਸੱਤ ਮਿੰਟਾਂ ਵਿਚ ਹੀ ਕੀਤੇ। ਏਡੀ ਵੱਡੀ ਪ੍ਰਾਪਤੀ ਪਿੱਛੋਂ ਉਸ ਨੂੰ ਵਿਸ਼ਵ ਦਾ ਬਿਹਤਰੀਨ ਪੈਨਲਟੀ ਕਾਰਨਰ ਲਾਉਣ ਵਾਲਾ ਖਿਡਾਰੀ ਕਿਹਾ ਜਾਣ ਲੱਗਾ। ਉਥੇ ਭਾਰਤੀ ਟੀਮ ਦੇ ਗੋਲਾਂ ਵਿਚੋਂ ਸਭ ਤੋਂ ਵੱਧ ਗੋਲ ਉਹਦੀ ਸਟਿੱਕ ਨਾਲ ਹੀ ਹੋਏ।

1961 ’ਚ ਇਕ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਅਹਿਮਦਾਬਾਦ ਵਿਖੇ ਹੋਇਆ। ਉਥੇ ਜਰਮਨੀ ਵਿਰੁੱਧਫਾਈਨਲ ਮੈਚ ਪ੍ਰਿਥੀਪਾਲ ਦੇ ਪੈਨਲਟੀ ਕਾਰਨਰ ਨਾਲ ਜਿੱਤਿਆ ਗਿਆ। ਉਸੇ ਸਾਲ ਉਹ ਭਾਰਤੀ ਟੀਮ ਨਾਲ ਨਿਊਜ਼ੀਲੈਂਡ ਤੇ ਆਸਟ੍ਰੇਲੀਆ ਦੇਟੂਰ ’ਤੇ ਗਿਆ। 1962 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਵਿਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਫਿਰ ਅਸ਼ਵਨੀ ਕੁਮਾਰ ਨਾਲ ਅਣਬਣ ਹੋ ਜਾਣ ਪਿੱਛੋਂ 1963 ’ਚ ਉਹ ਪੰਜਾਬ ਪੁਲਿਸ ਛੱਡ ਕੇ ਰੇਲਵੇ ਪੁਲਿਸ ਵਿਚ ਚਲਾ ਗਿਆ।ਉਹ ਅਣਖੀ ਖਿਡਾਰੀ ਸੀ ਤੇ ਕਿਸੇ ਦੀ ਈਨ ਨਹੀਂ ਸੀ ਮੰਨਦਾ। ਰੇਲਵੇ ’ਚ ਜਾਣ ਨਾਲਉਹਦੀ ਟੀਮ ਦੇਸ਼ ਦੇ ਵੱਡੇ ਹਾਕੀ ਕੱਪ ਜਿੱਤਣ ਲੱਗੀ।ਉਥੇ ਉਸ ਨੂੰ ਰੇਲਵੇ ਮਨਿਸਟਰ ਮੈਡਲ ਨਾਲ ‘ਬੈੱਸਟ ਰੇਲਵੇ ਸਪੋਰਟਸਮੈਨ’ ਵਜੋਂ ਸਨਮਾਨਿਆ ਗਿਆ। ਅਸ਼ਵਨੀ ਕੁਮਾਰ ਨੇ ਉਸ ਨੂੰ ਸਬਕ ਸਿਖਾਉਣ ਲਈ ਭਾਰਤੀ ਹਾਕੀ ਟੀਮ ਵਿਚੋਂ ਕੱਢ ਦਿੱਤਾ ਜਿਸ ਦੀ ਅਖ਼ਬਾਰਾਂ ’ਚ ਕਾਫੀ ਆਲੋਚਨਾ ਹੋਈ। ਸੁਆਲ ਉਠਾਇਆ ਗਿਆ, “ਕੀ ਉਹ ਪੰਜਾਬ ਪੁਲੀਸ ਛੱਡਣ ਤੇ ਰੇਲਵੇ ’ਚ ਜਾਣ ਨਾਲ ਹੀ ਚੰਗੇ ਖਿਡਾਰੀ ਤੋਂ ਮਾੜਾ ਖਿਡਾਰੀ ਬਣ



ਗਿਆ?”

ਉਤੋਂ ਟੋਕੀਓ-1964 ਦੀਆਂ ਓਲੰਪਿਕ ਖੇਡਾਂ ਆ ਗਈਆਂ। ਉਦੋਂ ਭਾਰਤ ਕੋਲੋਂ ਓਲੰਪਿਕ ਤੇ ਏਸ਼ੀਆ ਦੀ ਹਾਕੀ ਗੁਰਜ ਖੁੱਸੀ ਹੋਈ ਸੀ ਜੋ ਮੁੜ ਜਿੱਤਣੀਸੀ। ਮੀਡੀਏ ਨੇ ਪ੍ਰਿਥੀਪਾਲ ਸਿੰਘ ਦੇ ਹੱਕ ’ਚ ਆਵਾਜ਼ ਚੁੱਕੀ ਤਾਂ ਉਸ ਨੂੰ ਮੁੜ ਭਾਰਤੀ ਟੀਮ ਵਿਚ ਪਾਲਿਆ ਗਿਆ। ਰੋਮ ਵਾਂਗ ਟੋਕੀਓ ’ਚ ਵੀ ਉਸ ਨੇ ਸਭ ਤੋਂ ਵੱਧ ਗੋਲ ਕੀਤੇ।ਫਾਈਨਲ ਮੈਚ ਰੋਮਦੇ ਫਾਈਨਲ ਵਾਂਗਫਿਰ ਭਾਰਤ ਤੇ ਪਾਕਿਸਤਾਨ ਵਿਚਕਾਰ ਆਣ ਪਿਆ। ਉਦੋਂ ਪਾਕਿਸਤਾਨੀ ਖਿਡਾਰੀ ਸਮਝਦੇ ਸਨ ਕਿ ਭਾਰਤੀ ਕੁੜੀਆਂ ਵਾਂਗ ਸੋਹਲ ਖੇਡ ਖੇਡਦੇ ਹਨ ਇਸ ਲਈ ਉਨ੍ਹਾਂ ਨੂੰ ਮਾਰ ਧਾੜ ਦੀ ਖੇਡ ਨਾਲ ਹਰਾਇਆ ਜਾ ਸਕਦੈ।

ਪ੍ਰਿਥੀਪਾਲ ਹੋਰਾਂ ਨੇ ਮਤਾ ਪਕਾ ਲਿਆ ਕਿ ਐਤਕੀਂ ਉਨ੍ਹਾਂ ਨੂੰ ਬੰਦਿਆਂ ਵਾਂਗ ਟੱਕਰਨਾ। ਮੈਚ ਦੇ ਦੂਜੇ ਅੱਧ ’ਚ ਹਾਕੀਆਂ ਭਿੜ ਪਈਆਂ। ਜਪਾਨ ਦੇ ਅਖ਼ਬਾਰ ‘ਯਮੇਰੀ’ ਨੇ ਉਹਦੀ ਤਸਵੀਰ ਛਾਪੀ ਜਿਸ ਵਿਚ ਪਾਕਿਸਤਾਨੀ ਖਿਡਾਰੀ ਨੇ ਭਾਰਤੀ ਟੀਮ ਦੇ ਕਪਤਾਨ ਚਰਨਜੀਤ ਸਿੰਘ ਉੱਤੇ ਹਾਕੀ ਉੱਘਰੀ ਹੋਈ ਸੀ ਤੇ ਪ੍ਰਿਥੀਪਾਲ ਨੇ ਪਾਕਿਸਤਾਨੀ ਖਿਡਾਰੀ ਦੇ ਗਿੱਟਿਆਂ ਵਿਚ ਹਾਕੀ ਅੜਾ ਕੇ ਉਹਦੀਆਂ ਰਗਾਂ ਨੂੰ ਹੱਥ ਪਾਇਆ ਹੋਇਆ ਸੀ। ਇਸ ਨਾਲ ਭਾਰਤੀ ਖਿਡਾਰੀਆਂ ਦੀ ਸੋਹਲ ਖੇਡ ਦਾ ਭੁਲੇਖਾ ਨਿਕਲ ਗਿਆ। ਭਾਰਤ ਇਕ ਗੋਲ ਨਾਲ ਅੱਗੇ ਸੀ। ਪਾਕਿਸਤਾਨ ਦਾ ਫਾਰਵਰਡ‘ਬੋਲ਼ਾ’ ਪ੍ਰਿਥੀਪਾਲ ਤੋਂ ਡਰਦਾ ਉਹਦੇ ਲਵੇ ਲੱਗਣੋਂ ਹੀ ਹਟ ਗਿਆ। ਬੋਲ਼ੇ ਨੂੰ ਅੱਗੇ ਵਧਣੋਂ ਝਿਜਕਦਿਆਂ ਵੇਖ ਫੁੱਲ ਬੈਕ ਤਨਵੀਰ ਨੇ ਕਿਹਾ, “ਬੋਲਿਆ ਮਰ ’ਗਾਂਹ, ਗੋਲ ਉਤਾਰ।”ਬੋਲ਼ੇ ਨੇ ਜਵਾਬ ਦਿੱਤਾ, “ਇਹ ਨ੍ਹੀ ਉਤਰਦਾ ਹੁਣ, ’ਗਾਂਹ ਤੇਰਾ ਪਿਉ ਖੜ੍ਹਾ!”ਇੰਜ ਭਾਰਤ ਨੇ ਰੋਮ ਦੀ ਹਾਰ ਦਾ ਬਦਲਾ ਲਿਆ।

ਟੋਕੀਓ ’ਚ ਭਾਰਤੀ ਟੀਮ ਦੇ 22 ਗੋਲਾਂ ਵਿਚੋਂ 11 ਗੋਲ ਪ੍ਰਿਥੀਪਾਲ ਸਿੰਘ ਨੇ ਕੀਤੇ। ਦੋ ਸਾਲ ਬਾਅਦ 1966 ਦੀਆਂ ਏਸ਼ਿਆਈ ਖੇਡਾਂ ਬੈਂਕਾਕ ਵਿਚ ਹੋਈਆਂ। ਉਦੋਂ ਗੋਲਚੀ ਸ਼ੰਕਰ ਲਖਸ਼ਮਣ ਤੋਂ ਬਿਨਾਂ ਅੱਗੇ ਖੇਡਣ ਵਾਲੇ ਸਾਰੇ ਖਿਡਾਰੀ ਜੂੜਿਆਂ ਵਾਲੇ ਸਰਦਾਰ ਸਨ। ਉਥੇ ਭਾਰਤੀ ਹਾਕੀ ਟੀਮ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। ਕੁਝ ਮਹੀਨੇ ਬਾਅਦ ਪ੍ਰਿਥੀਪਾਲਰੇਲਵੇ ਦੀ ਨੌਕਰੀ ਛੱਡ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਹਿਸਾਰ ਕੈਂਪਸ ਵਿਚ ਸਟੂਡੈਂਟਸ ਵੈੱਲਫੇਅਰ ਵਿਭਾਗ ਦਾ ਡਿਪਟੀ ਡਾਇਰੈਕਟਰ ਬਣ ਗਿਆ। ਡਿਪਟੀ ਡਾਇਰੈਕਟਰ ਹੁੰਦਿਆਂ ਵੀ ਉਹ ਸਰਗਰਮ ਹਾਕੀ ਖੇਡਦਾ ਰਿਹਾ।

1967 ਵਿਚ ਪ੍ਰਿਥੀਪਾਲ ਨੂੰ ਭਾਰਤੀ ਹਾਕੀ ਟੀਮ ਦਾ ਕੈਪਟਨ ਬਣਾਇਆ ਗਿਆ ਜਿਸ ਨੇ ਜਰਮਨੀ ਤੇ ਨੀਦਰਲੈਂਡਜ਼ ਦੀਆਂ ਟੀਮਾਂ ਖਿਲਾਫ਼ ਟੈੱਸਟ ਮੈਚ ਖੇਡੇ। ਉਸੇ ਸਾਲ ਭਾਰਤੀ ਟੀਮ ਨੇ ਉਸ ਦੀ ਕਪਤਾਨੀ ਵਿਚ ਮੈਡਰਿਡ ਦਾ ਅੰਤਰਾਸ਼ਟਰੀ ਟੂਰਨਾਮੈਂਟ ਜਿੱਤਿਆ।1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਸਮੇਂ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਨੂੰ ਜਾਇੰਟ ਕਪਤਾਨ ਬਣਾਇਆ ਗਿਆ। ਉਥੇ ਵੀ ਪ੍ਰਿਥੀਪਾਲ ਨੇ ਸਭ ਤੋਂ ਵੱਧ ਗੋਲ ਕੀਤੇ ਪਰ ਟੀਮ ਕਾਂਸੀ ਦਾ ਤਗ਼ਮਾ ਹੀ ਜਿੱਤ ਸਕੀ। ਇੰਜ ਪ੍ਰਿਥੀਪਾਲ ਸਿੰਘ ਪਾਸ ਓਲੰਪਿਕ ਖੇਡਾਂ ਦੇ ਸੋਨੇ, ਚਾਂਦੀ ਤੇ ਕਾਂਸੀ ਦੇ ਤਿੰਨ ਤਗਮੇ ਹਨ ਅਤੇ ਏਸ਼ਿਆਈ ਖੇਡਾਂ ਦਾ ਇਕ ਗੋਲਡ ਤੇ ਇਕ ਸਿਲਵਰ ਮੈਡਲ ਹੈ। ਉਸ ਦੇ ਕੁਲ ਮੈਡਲ ਤਾਂ ਦੋ ਦਰਜਨ ਤੋਂ ਵੀ ਵੱਧ ਹੋਣਗੇ।

ਮੈਕਸੀਕੋ ਦੀਆਂ ਓਲੰਪਿਕ ਖੇਡਾਂ ਪਿੱਛੋਂ ਉਹ ਸਰਗਰਮ ਹਾਕੀ ਤੋਂ ਰਿਟਾਇਰ ਹੋ ਗਿਆ। ਤਦ ਤਕ ਉਹ ਪੀਏਯੂ ਲੁਧਿਆਣਾ ਵਿਖੇਵਿਦਿਆਰਥੀ ਭਲਾਈ ਵਿਭਾਗ ਦਾ ਡਾਇਰੈਕਟਰ ਬਣ ਚੁੱਕਾ ਸੀ। ਉਹਦੀ ਆਮਦ ਨਾਲ ਖੇਤੀਬਾੜੀ ਯੂਨੀਵਰਸਿਟੀ ਦੀਆਂ ਖੇਡ ਸਰਗਰਮੀਆਂ ਵਿਚ ਹੋਰ ਵੀ ਵਾਧਾ ਹੋ ਗਿਆ। ਉਥੇ ਖੇਡਾਂ ਦੇ ਵੱਡੇ ਟੂਰਨਾਮੈਂਟ ਕਰਾਏ ਜਾਣ ਲੱਗੇ। ਉਸ ਨੂੰ ਕੁਝ ਸਮਾਂ ਭਾਰਤੀ ਹਾਕੀ ਟੀਮਾਂ ਦੀ ਚੋਣ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ। ਉਹ ਅੰਤਰਾਰਸ਼ਟਰੀ ਹਾਕੀ ਟੂਰਨਾਮੈਂਟਾਂ ਦਾ ਉਬਜ਼ਰਵਰ ਰਿਹਾ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਪਟਿਆਲਾ ਤੇ ਲਕਸ਼ਮੀਬਾਈ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਗਵਾਲੀਅਰ ਦੀਆਂ ਪ੍ਰਬੰਧਕ ਕਮੇਟੀਆਂ ਦਾ ਵੀ ਮੈਂਬਰ ਰਿਹਾ। ਹਾਕੀ ਖਿਡਾਰੀਆਂ ਵਿਚੋਂ ਉਸ ਨੂੰ ਸਭ ਤੋਂ ਪਹਿਲਾਂ ਅਰਜਨ ਅਵਾਰਡ ਮਿਲਿਆ ਤੇ ਪਦਮ ਸ਼੍ਰੀ ਦੀ ਉਪਾਧੀ ਨਾਲ ਵੀ ਸਨਮਾਨਿਆ ਗਿਆ।

1969 ਵਿਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਉਤਸਵ ’ਤੇ ਮੈਂ ਨਨਕਾਣਾ ਸਾਹਿਬ ਗਿਆ ਤਾਂ ਪ੍ਰਿਥੀਪਾਲਦੀ ਇੱਛਾ ਅਨੁਸਾਰ ਉਹਦੇ ਪਹਿਲੇ ਖੇਡ ਮੈਦਾਨ ਦੀ ਮਿੱਟੀ ਲੈ ਆਇਆ। ਮੁੜ ਕੇ ਲੁਧਿਆਣੇਰਹਿੰਦੇ ਪ੍ਰਿਥੀਪਾਲ ਦੇ ਪਰਿਵਾਰ ਨੂੰ ਉਨ੍ਹਾਂ ਦੇ ਪੁਰਾਣੇ ਘਰ, ਸਕੂਲ ਤੇ ਹੱਟੀਆਂ ਭੱਠੀਆਂ ਦਾ ਹਾਲ ਚਾਲ ਦੱਸਿਆ। ਦੱਸਿਆ ਕਿ ਉਨ੍ਹਾਂ ਦੇ ਘਰ ’ਚ ਹੁਣ ਨਕੋਦਰ ਦੇ ਜੁਲਾਹੇ ਰਹਿੰਦੇ ਹਨ। ਉਨ੍ਹਾਂ ਨੇ ਤੁਹਾਨੂੰ ਸਲਾਮ ਆਖੀ ਹੈ। ਨਨਕਾਣਾ ਸਾਹਿਬ ਦੀਆਂ ਗੱਲਾਂ ਸੁਣਦਿਆਂ ਪ੍ਰਿਥੀਪਾਲ ਸਿੰਘ ਦੀਆਂ ਅੱਖਾਂ ’ਚ ਹੰਝੂ ਤੈਰ ਆਏ। ਪੁਰਾਣੀਆਂ ਯਾਦਾਂ ਵੀ ਕਿਆ ਯਾਦਾਂ ਹੁੰਦੀਆਂ ਨੇ! ਤਦੇ ਤਾਂ ਕਿਹਾ ਜਾਂਦੈ ਕਿ ਬੰਦੇ ਦਾ ਬਚਪਨ ਭਾਵੇਂ ਕਿਹੋ ਜਿਹਾ ਵੀ ਗੁਜ਼ਰਿਆ ਹੋਵੇ, ਹੁਲਾਰਾ ਜਿਹਾ ਆ ਜਾਂਦੈ ਬਚਪਨ ਨੂੰ ਯਾਦ ਕਰ ਕੇ। ਪ੍ਰਿਥੀਪਾਲ ਵੀ ਬਚਪਨ ਦੀਆਂ ਗੱਲਾਂ ਕਰਦਾ ਸੁਣਦਾ ਬੱਚਾ ਬਣਜਾਂਦਾ ਸੀ!

ਮੈਂ ਉਸ ਨੂੰ ਪਹਿਲੀ ਵਾਰ ਦਿੱਲੀ ਦੇ ਸ਼ਿਵਾ ਜੀ ਸਟੇਡੀਅਮ ਵਿਚ ਮਿ-ਲਆ ਸਾਂ ਤੇ ਫਿਰ ਖੇਤੀਬਾੜੀ ਯੂਨੀਵਰਸਿਟੀ ਦੇ ਹਿਸਾਰ ਕੈਂਪਸ ਵਿਚ ਉਸ ਕੋਲ ਰਾਤ ਰਿਹਾ ਸਾਂ। ਜਦੋਂ ਉਹ ਲੁਧਿਆਣੇ ਆ ਗਿਆ ਤਾਂ ਸਾਡਾ ਆਮ ਹੀ ਮੇਲ ਮਿਲਾਪ ਹੋਣ ਲੱਗਾ। ਉਹ ਸਾਡੇ ਪਿੰਡ ਚਕਰ ਤੇ ਢੁੱਡੀਕੇ ਕਾਲਜ ਵਿਚ ਵੀਜਾ ਆਇਆ ਸੀ ਪਰ ਮੈਂ ਉਸ ਦਾ ਨਵਾਂ ਪਿੰਡ ਭੱਟ ਮਾਜਰਾ ਨਹੀਂ ਸਾਂ ਵੇਖ ਸਕਿਆ।

ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ-1982 ਪਿੱਛੋਂ ਲੁਧਿਆਣੇ ਹੋਈ ਗੱਲਬਾਤਮੈਨੂੰ ਮੁੜ-ਮੁੜ ਯਾਦ ਆ ਜਾਂਦੀ ਹੈ। ਉਦੋਂ ਉਸ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਲਿਖੇ ਪੱਤਰ ਦੀ ਇਕ ਕਾਪੀ ਮੈਨੂੰਦਿੱਤੀ ਸੀ। ਉਸ ਵਿਚ ਲਿਖਿਆ ਸੀ ਕਿ ਦਿੱਲੀ ਏਸ਼ੀਆਡ ਦੇ ਅਧਿਕਾਰੀਆਂ ਨੇ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਜਿੱਤਣ ਵਾਲਿਆਂ ਨੂੰਵੀ ਸੱਦਾ ਪੱਤਰ ਨਹੀਂਸਨ ਭੇਜੇ। ਪ੍ਰਿਥੀਪਾਲ ਸਿੰਘ ਨੂੰ ਕੋਈ ਸੱਦਾ ਪੱਤਰ ਨਹੀਂ ਸੀ ਪੁੱਜਾ ਜਿਸ ਦਾ ਉਸ ਨੂੰ ਦਿਲੀ ਦੁੱਖ ਸੀ।

ਹੋਣੀ ਦਾ ਭਾਣਾ ਵੇਖੋ ਕਿ ਯੂਨੀਵਰਸਿਟੀ ਵਿਚ ਵਿਦਿਆਰਥੀ ਗੁੱਟਾਂ ਦੇ ਝਗੜੇ ਸੁਲਝਾਉਂਦਿਆਂ ਉਹ ਇਕ ਗੁੱਟ ਦੀ ਹਿੱਟ ਲਿਸਟ ’ਤੇ ਆ ਗਿਆ।20 ਜਨਵਰੀ 1983 ਦੇ ਦਿਨ ਕਾਤਲ ਮੋਟਰ ਸਾਈਕਲ ’ਤੇ ਆਏ ਤੇ ਕੈਂਪਸ ਵਿਚ ਹੀਗੋਲੀਆਂਮਾਰਕੇ ਰੂਪੋਸ਼ ਹੋ ਗਏ। 1947 ਦੀ ਮਾਰ ਧਾੜ ’ਚੋਂ ਤਾਂ ਪ੍ਰਿਥੀਪਾਲ ਬਚ ਨਿਕਲਿਆ ਸੀ ਪਰ ਆਪਣੀ ਯੂਨੀਵਰਸਿਟੀ ਵਿਚ ਬਚ ਨਾ ਸਕਿਆ। ਪਿੱਛੇ ਉਸ ਦੀ ਵਿਧਵਾ ਪਤਨੀ, ਗੋਦ ਲਈ ਬੱਚੀ ਤੇ ਵੱਡੇ ਭਰਾ ਦੇ ਬੱਚੇ ਰਹਿ ਗਏ। ਪ੍ਰਿਥੀਪਾਲ ਜੋੜੇ ਦਾ ਆਪਣਾ ਕੋਈ ਬੱਚਾ ਨਹੀਂ ਸੀ। ਉਸ ਦੇ ਵੱਡੇ ਭਰਾ ਦਾ ਪਹਿਲਾਂ ਹੀ ਇਕ ਸੜਕ ਹਾਦਸੇ ਵਿਚ ਦਿਹਾਂਤ ਹੋ ਗਿਆ ਸੀ।

ਯੂਨੀਵਰਸਿਟੀ ਵਿਚ ਉਸ ਨੂੰ ਸ਼ਰਧਾਂਜਲੀ ਦੇਣ ਸਮੇਂਬੜਾ ਵੱਡਾ ਇਕੱਠ ਹੋਇਆ। ਉਸ ਦੀ ਯਾਦ ਵਿਚ ਪ੍ਰਿਥੀਪਾਲ ਸਿੰਘ ਸਪੋਰਟਸ ਕੰਪਲੈਕਸ ਬਣਾਇਆ ਗਿਆ ਜਿਥੇ ਹਾਕੀ ਦਾ ਆਸਟ੍ਰੋ ਟਰਫ਼ ਲਾਇਆ ਗਿਆ। ਉਸ ਦੀ ਯਾਦ ਵਿਚ ਹਾਕੀ ਦਾ ਟੂਰਨਾਮੈਂਟ ਹੁੰਦੇ ਹਨ। ਕੁਝ ਸਾਲ ਪਹਿਲਾਂ ਮੈਂ ਕੈਨੇਡਾ ਤੋਂ ਪੰਜਾਬ ਗਿਆ ਤਾਂ ਪ੍ਰਿਥੀਪਾਲ ਸਿੰਘ ਦੇ ਭਤੀਜੇ ਤਰਲੋਚਣ ਸਿੰਘ ਦਾ ਫੋਨ ਆਇਆ। ਉਸ ਨੇ ਸੱਦਾ ਦਿੱਤਾ ਕਿ ਮੈਂ ਉਨ੍ਹਾਂ ਦੇ ਪਿੰਡ ਆਵਾਂ ਤੇ ਆਪਣੇ ਮਿੱਤਰ ਦਾ ਘਰ ਵੇਖਾਂ।

ਮੈਂ ਉਹਨਾਂ ਦੇ ਘਰ ਗਿਆ ਤਾਂ ਨਿੰਮ ਕੋਲ ਮੱਝਾਂ ਬੱਝੀਆਂ ਹੋਈਆਂ ਸਨ ਜੋ ਅੱਖਾਂ ਮੀਟੀ ਜੁਗਾਲੀ ਕਰ ਰਹੀਆਂ ਸਨ। ਇਕ ਬੰਨੇ ਖੁਰਲੀਆਂ ਬਣੀਆਂ ਹੋਈਆਂ ਤੇ ਖੇਤੀਬਾੜੀ ਦੇ ਸੰਦ ਪਏ ਸਨ। ਪ੍ਰਿਥੀਪਾਲ ਸਿੰਘ ਦੀ ਭੈਣ ਤੇ ਭਤੀਜੇ ਮੌਜੂਦ ਸਨ। ਉਹ ਬੈਠਕ ਜਿਥੇ ਹਾਕੀ ਦੇ ਓਲੰਪੀਅਨ ਤੇ ਅਫਸਰ ਆਉਂਦੇ ਜਾਂਦੇ ਰਹੇ ਸਨ ਵੀਰਾਨ ਪਈ ਸੀ। ਉਹਦੇ ਵਿਚ ਕੁਝ ਖੇਡ ਨਿਸ਼ਾਨੀਆਂ ਜ਼ਰੂਰ ਪਈਆਂ ਸਨ ਜੋ ਚੇਤਾ ਕਰਾਉਂਦੀਆਂ ਸਨ ਕਿ ਇਹ ਪੈਨਲਟੀ ਕਾਰਨਰ ਦੇ ਬਾਦਸ਼ਾਹ ਦੀ ਬੈਠਕ ਸੀ!

ਫੁੱਟਬਾਲ ਦੇ ਦੀਵਾਨੇ ਬ੍ਰਾਜ਼ੀਲ ਦੇ ਪੇਲੇ ਵੱਲੋਂ ਪਹਿਨੀਆਂ ਪੁਸ਼ਾਕਾਂ ਦੀਆਂ ਲੀਰਾਂ ਵੀ ਸਾਂਭੀ ਬੈਠੇ ਹਨ। ਸਾਡਾ ਪ੍ਰਿਥੀਪਾਲ ਸਿੰਘ ਵੀ ਤਾਂ ਹਾਕੀ ਦਾ ਪੇਲੇ ਹੀ ਸੀ। ਅਸੀਂ ਤਾਂ ਉਹਦੀ ਉਹ ਹਾਕੀ ਵੀ ਨਹੀਂ ਸੰਭਾਲੀ ਜੀਹਦੇ ਨਾਲ ਉਹਨੇ ਓਲੰਪਿਕ ਖੇਡਾਂ ਵਿਚ ਸਭ ਤੋਂ ਬਹੁਤੇ ਗੋਲ ਕੀਤੇ ਸਨ!

principalsarwansingh@gmail.com







# ਸੈਮ ਬਹਾਦਰ ਬਨਾਮ ਦੇਵਾ ਆਨੰਦ

ਸੰਜੀਵਨ ਸਿੰਘ

ਤੁਹਾਨੂੰ ਇਕ ਵਾਰ ਤਾਂ ਅੰਚਭਾ ਲੱਗੇਗਾ, ਕਿੱਥੇ ਸੈਮ ਬਹਾਦਰ ਕਿੱਥੇ ਦੇਵਾ ਆਨੰਦ।ਸੈਮ ਬਹਾਦਰ ਇਕ ਫੌਜੀ, ਦੇਵਾ ਆਨੰਦ ਆਪਣੇ ਸਮਿਆਂ ਦਾ ਸੁਨਹਿਰੀ ਪਰਦੇ ਦਾ ਚਮਕਦਾ-ਦਮਕਦਾ ਸਿਤਾਰਾ।ਇਹਨਾਂ ਦੋਵਾਂ ਦਾ ਆਪਸ ਵਿਚ ਕੀ ਮੇਲ, ਕੀ ਸਬੰਧ।ਪਰ ਫਿਲਮ ਸੈਮ ਬਹਾਦਰ ਵੇਖਣ ਤੋਂ ਬਾਅਦ ਮੈਨੂੰ ਦੋਵਾਂ ਦਾ ਮੇਲ ਵੀ ਲੱਗਿਆਂ, ਸਬੰਧ ਵੀ।ਦੋਵੇਂ ਮਝੈਲ ਹਨ।ਸੈਮ ਬਹਾਦਰ ਅੰਮ੍ਰਿਤਸਰ ਤੇ ਦੇਵਾ ਆਨੰਦ ਗੁਰਦਾਸਪੁਰ ਦੇ ਜੰਮਪਲ ਹਨ।





ਸੈਮ ਬਹਾਦਰ ਇਕ ਬੇਬਾਕ, ਇਮਾਨਦਾਰ, ਵਫ਼ਾਦਾਰ, ਬੇਖ਼ੌਫ਼, ਦਲੇਰ, ਸਿਰੜੀ ਫੌਜੀ ਵੀ ਸੀ ਤੇ ਇਨਸਾਨ ਵੀ।1932 ਤੋਂ 1973 ਆਪਣੀ ਚਾਰ ਦਹਾਕਿਆਂ ਦੀ ਨੌਕਰੀ ਦੌਰਾਨ ਸੈਮ ਬਹਾਦਰ ਨੇ ਜਾਨ ਦੀ ਪ੍ਰਵਾਹ ਕੀਤੇ ਬਿਨ੍ਹਾਂ ਸੂਰਮਗਤੀ ਨਾਲ ਪੰਜ ਯੁੱਧ ਲੜੇ। ਆਪਣੀ ਸੇਵਾ ਮੁੱਕਤੀ ਤੋਂ ਕੁੱਝ ਦਿਨ ਪਹਿਲਾਂ ਦੇਸ ਦੇ ਪਹਿਲੇ ਫੀਲਡ ਮਾਰਸ਼ਲ ਵਰਗੇ ਵਕਾਰੀ ਅਹੁੱਦੇ ’ਤੇ ਪਹੁੰਚਿਆਂ ਸੈਮ ਬਹਾਦਰ ਜਿੰਨ੍ਹਾਂ ਸਮਰਿਪਤ ਦੇਸ ਅਤੇ ਫੌਜ ਪ੍ਰਤੀ ਸੀ, ਉਨ੍ਹਾਂ ਹੀ ਸੁਹਿਰਦ ਆਪਣੇ ਪ੍ਰੀਵਾਰ ਵੱਲ ਵੀ।ਉਸਨੇ ਆਪਣੇ ਦੇਸ ਅਤੇ ਪ੍ਰਰਿਵਾਰ ਨੂੰ ਇੱਕੋ ਸਮੇਂ, ਇੱਕੋ ਜਿੰਨ੍ਹਾਂ ਪਿਆਰ ਕੀਤਾ।ਫੌਜ ਦੇ ਹਿੱਤਾਂ ਦੀ ਹਿਫ਼ਾਜ਼ਤ ਅਤੇ ਬੇਹਤਰੀ ਲਈ ਉਹ ਵੱਡੇ ਅਫਸਰ, ਮੰਤਰੀ, ਇੱਥੋਂ ਤੱਕ ਕੇ ਪ੍ਰਧਾਨ ਮੰਤਰੀ ਤੱਕ ਨਾਲ ਵੀ ਮੱਥਾ ਲਾਉਣ ਤੋਂ ਨਾ ਝਿਜਕਦਾ ਸੀ, ਨਾ ਹੀ ਘਬਰਾਉਂਦਾ।ਜਿਸ ਦਾ ਖਮਿਆਜ਼ਾ ਵੀ ਉਸ ਨੂੰ ਕਈ ਵਾਰ ਭੁਗਤਨਾ ਪਿਆ।ਸੈਮ ਬਹਾਦਰ ਦਾ ਪੂਰਾ ਨਾਂ ਸੈਮ ਹਰਮੁਸਜੀ ਫਰਾਮਜੀ ਜਮਸ਼ੇਦਜੀ ਮਾਨੇਕਸ਼ਾ ਸੀ ਪਰ ਇਕ ਵਾਰ ਜਦ ਉਸ ਨੇ ਫੌਜ ਦੇ ਇਕ ਜਵਾਨ ਤੋਂ ਆਪਣਾ ਨਾਂ ਪੁੱਛਿਆਂ ਤਾਂ ਫੌਜੀ ਤੋਂ ਉਸਦਾ ਪੂਰਾ ਨਾ ਲੈ ਨਹੀਂ ਹੋਇਆਂ। ਫੌਜੀ ਨੇ ਸੈਮ ਬਹਾਦਰ ਕਹਿ ਦਿੱਤਾ।ਸੈਮ ਹਰਮੁਸਜੀ ਫਰਾਮਜੀ ਜਮਸ਼ੇਦਜੀ ਮਾਨੇਕਸ਼ਾ ਨੂੰ ਇਹ ਨਾਂ ਇਨ੍ਹਾਂ ਪਸੰਦ ਆਇਆ। ਉਸ ਨੇ ਸਦਾ ਲਈ ਹੀ ਆਪਣਾ ਨਾਂ ਸੈਮ ਬਹਾਦਰ ਰੱਖ ਲਿਆ।

ਸੈਮ ਬਹਾਦਰ ਦੀ ਜ਼ਿੰਦਗੀ ’ਤੇ ਅਧਾਰਿਤ ਇਕ ਫਿਲਮ ਵੇਖੀ, ਵਿੱਕੀ ਕੌਸ਼ਲ ਨੇ ਸੈਮ ਬਹਾਦਰ ਨੂੰ ਹੂ-ਬ-ਹੂ ਪਰਦੇ ’ਤੇ ਪੇਸ਼ ਕੀਤਾ।ਜਿਸ ਦੀ ਪ੍ਰਸੰਸਾ ਵੀ ਹੋ ਰਹੀ ਹੈ।ਇਕ ਗੱਲ ਮੈਂ ਪਹਿਲਾਂ ਦੀ ਸਪਸ਼ਟ ਕਰ ਦਿਆਂ, ਮੈਂ ਫਿਲਮ ਦੀ ਸਮੀਖਿਆਂ ਬਿਲੁਕੱਲ ਵੀ ਨਹੀਂ ਕਰਨੀ, ਇਹ ਕੰਮ ਸਮੀਖਿਆਕਾਰਾਂ ਦਾ ਹੈ।ਪਰ ਫਿਲਮ ਵੇਖਣ ਦੌਰਾਨ ਇਕ ਗੱਲ ਮੈਨੂੰ ਵਾਰ ਵਾਰ ਇਹ ਸੋਚਣ ਲਈ ਮਜਬੂਰ ਕਰ ਰਹੀ ਸੀ ਕਿ ਫਿਲਮ ਵਿਚ ਵਿੱਕੀ ਕੌਸ਼ਲ ਦੀ ਬੋਲਚਾਲ ਦਾ ਲਹਿਜ਼ਾ, ਹਾਵ-ਭਾਵ ਤੇ ਤੁਰਨ-ਫਿਰਨ ਦਾ ਅੰਦਾਜ਼ ਆਪਣੇ ਸਮਿਆਂ ਦੇ ਚਰਚਿੱਤ ਤੇ ਬੇਹਤਰੀਨ ਫਿਲਮ ਅਦਾਕਾਰ ਦੇਵ ਆਨੰਦ ਨਾਲ ਮਿਲ ਰਿਹਾ ਹੈ।ਮੈਂ ਸੋਚ ਰਿਹਾ ਸੀ ਕਿ ਵਿੱਕੀ ਕੌਸ਼ਲ ਨੇ ਦੇਵਾ ਆਨੰਦ ਦੀ ਨਕਲ ਖ਼ੁਦ ਤਾਂ ਕੀਤੀ ਨਹੀਂ ਹੋ ਸਕਦੀ।ਜੇ ਕੀਤੀ ਹੋਵੇਗੀ ਤਾਂ ਨਿਰਦੇਸ਼ਕ ਦੇ ਕਹਿਣ ’ਤੇ ਹੀ ਕੀਤੀ ਹੋਵੇਗੀ।ਕਿਉਂਕਿ ਕਿਸੇ ਵੀ ਅਭਿਨੇਤਾ ਨੂੰ ਕੋਈ ਹੀ ਨਿਰਦੇਸ਼ਕ ਆਪਣੀ ਮੰਨ ਮਰਜ਼ੀ ਕਰਨ ਦੀ ਇਜਾਜ਼ਤ ਨਹੀ ਦੇ ਸਕਦਾ ਤੇ ਨਾ ਹੀ ਦੇਣੀ ਚਾਹੀਦੀ ਹੈ।

ਫੇਰ ਖ਼ਿਆਲ ਆਇਆ, ਹੋ ਸਕਦਾ ਹੈ ਸੈਮ ਬਹਾਦਰ ਹੀ ਦੇਵਾ ਆਨੰਦ ਤੋਂ ਪ੍ਰਭਾਵਿਤ ਹੋਵੇ।ਪਰ ਅਸਲੀ ਜ਼ਿੰਦਗੀ ਵਿਚ ਨਾਇਕ ਨੂੰ ਫਿਲਮੀ ਪਰਦੇ ਦੇ ਨਾਇਕ ਤੋਂ ਇਸ ਕਦਰ ਪ੍ਰਭਾਵਿਤ ਹੋਣ ਦੀ ਵਜਹ ਸਮਝ ਨਹੀਂ ਸੀ ਆ ਰਹੀ।ਮੈਂ ਸੋਚਿਆ ਕਿਉਂ ਨਾ ਸੈਮ ਬਹਾਦਰ ਤੇ ਦੇਵਾ ਆਨੰਦ ਬਾਰੇ ਕਿਉਂ ਨਾ ਗੂਗਲ ਬਾਬੇ ਤੋਂ ਪੁੱਛਿਆ ਜਾਵੇ।ਗੂਗਲ ਬਾਬੇ ਨੇ ਵੀ ਸੈਮ ਬਹਾਦਰ ਤੇ ਦੇਵਾ ਆਨੰਦ ਮੇਰੀ ਰਾਏ ਨੂੰ ਤਸਦੀਕ ਕੀਤਾ।ਸੈਮ ਬਹਾਦਰ ਤੇ ਦੇਵਾ ਆਨੰਦ ਦੀਆਂ ਜਵਾਨੀਆਂ ਦੀਆਂ ਤਸਵੀਰਾਂ ਵੇਖੀਆਂ ਜੋ ਬਹੁਤ ਹੱਦ ਤੱਕ ਮਿਲਦੀਆਂ-ਜੁਲਦੀਆਂ ਸਨ।ਦੋਵਾਂ ਦੀ ਵੀ. ਡੀ. ਓ. ਵੇਖਣ ’ਤੇ ਹੈਰਾਨੀ ਹੋਈ ਕਿ ਦੋਵਾਂ ਦਾ ਬੋਲਚਾਲ ਦਾ ਲਹਿਜ਼ਾ, ਹਾਵ-ਭਾਵ ਤੇ ਤੁਰਨ-ਫਿਰਨ ਦਾ ਅੰਦਾਜ਼ ਵੀ ਕਾਫੀ ਹੱਦ ਤੱਕ ਇੱਕੋ-ਜਿਹਾ ਸੀ।

ਦੇਵਾ ਆਨੰਦ ਦੀ ਅਦਾਕਰੀ ਤੇ ਅੰਦਾਜ਼ ਦਾ ਦੀਵਾਨਿਆ ਦੀ ਗਿਣਤੀ ਬੇਸ਼ੁਮਾਰ ਸੀ। ਉਸ ਦੀ ਅਦਕਾਰੀ ਤੇ ਅੰਦਾਜ਼ ਦੀ ਨਕਲ ਕਈ ਅਦਕਾਰਾਂ ਨੇ ਕੀਤੀ, ਅੱਜ ਵੀ ਕਰ ਰਹੇ ਹਨ।ਇਕ ਅਦਾਕਾਰ ਨੇ ਦੇਵਾ ਆਨੰਦ ਦੀ ਅਦਾਕਾਰੀ ਦੀ ਹੂ-ਬ-ਹੂ ਨਕਲ ਕਰ ਕੇ ਫਿਲਮੀ ਦੁਨੀਆਂ ਵਿਚ ਚਰਚਿਤ ਹੋਇਆ,ਉਸ ਨੇ ਦੌਲਤ ਵੀ ਕਮਾਈ ਤੇ ਸ਼ੌਹਰਤ ਵੀ।ਜਦ ਦੇਵਾ ਆਨੰਦ ਨੂੰ ਵੱਧਦੀ ਉਮਰ ਕਾਰਣ ਫਿਲਮਾਂ ਵਿਚ ਕੰਮ ਮਿਲਣਾ ਬੰਦ ਹੋ ਗਿਆ।ਉਦੋਂ ਉਹ ਅਦਾਕਾਰ ਪ੍ਰਸਿੱਧੀ ਦੀ ਸ਼ਿਖਰ ’ਤੇ ਸੀ।ਦੇਵਾ ਨੇ ਖ਼ੁਦ ਮੰਨਿਆਂ ਸੀ ਕਿ ਮੈਨੂੰ ਤਾਂ ਫਿਲਮਾਂ ਵਿਚ ਕੰਮ ਨਹੀਂ ਮਿਲ ਰਿਹਾ ਪਰ ਮੇਰੀ ਨਕਲ ਕਰ ਰਹੇ ਅਦਾਕਾਰ ਨੂੰ ਫਿਲਮਾਂ ਵਿਚ ਨਾਮ ਵੀ ਮਿਲ ਰਿਹਾ ਹੈ ਅਤੇ ਉਹ ਨਾਮਾ ਵੀ।

ਸੈਮ ਬਹਾਦਰ ਤੇ ਦੇਵਾ ਆਨੰਦ ਬਾਰੇ ਹੋਰ ਵਿਸਥਾਰ ਨਾਲ ਜਾਨਣ ’ਤੇ ਪਤਾ ਲੱਗਾ ਕਿ ਸੈਮ ਬਹਾਦਰ ਦਾ ਜਨਮ 1914 ਵਿਚ ਹੋਇਆ ਤੇ ਦੇਵਾ ਆਨੰਦ ਦਾ 1923 ਵਿਚ।ਸੈਮ ਬਹਾਦਰ ਨੇ ਆਪਣੀ ਫੌਜ ਦੀ ਨੌਕਰੀ 28 ਸਾਲ ਦੀ ਉਮਰ ਵਿਚ 1932 ਵਿਚ ਸ਼ੁਰੂ ਕੀਤੀ ਤੇ ਦੇਵਾ ਆਨੰਦ ਨੇ ਆਪਣਾ ਫਿਲਮੀ ਸਫ਼ਰ 1946 ਵਿਚ ‘ਹਮ ਏਕ ਹੈ’ ਫਿਲਮ ਤੋਂ 22 ਸਾਲ ਦੀ ਉਮਰ ਵਿਚ।ਸੈਮ ਬਹਾਦਰ ਆਪਣੀ ਫੌਜ ਨੌਕਰੀ ਦੇ ਕੁੱਝ ਅਰਸੇ ਬਾਅਦ ਹੀ 1939 ਤੋਂ 1945 ਛੇ ਸਾਲ ਚੱਲੇ ਦੂਜੇ ਵਿਸ਼ਵ ਯੁੱਧ ਵਿਚ ਵਿਖਾਈ ਬਹਾਦਰੀ ਕਰਕੇ ਚਰਚਿੱਤ ਹੋ ਗਿਆ ਸੀ।ਪਰ ਦੇਵਾ ਆਨੰਦ ਨੂੰ ਪ੍ਰਸਿੱਧੀ ਮਿਲੀ 1965 ਵਿਚ ਪ੍ਰਦਰਿਸ਼ਤ ਹੋਈ ਫਿਲਮ ‘ਗਾਇਡ’ ਤੋਂ।

ਜਦੋਂ ਫਿਲਮ ‘ਗਾਇਡ’ ਦੀ ਸਫਲਤਾ ਨੇ ਦੇਵਾ ਆਨੰਦ ਦੇ ਬੋਲਚਾਲ ਦੇ ਲਹਿਜ਼ੇ, ਹਾਵ-ਭਾਵ ਤੇ ਤੁਰਨ-ਫਿਰਨ ਦੇ ਅੰਦਾਜ਼ ਨੂੰ ਦਰਸ਼ਕਾਂ ਵਿਚ ਮਕਬੂਲ ਕੀਤਾ।ਉਸ ਸਮੇਂ ਸੈਮ ਬਹਾਦਰ ਸਫਲਤਾ ਅਤੇ ਮਕਬੂਲੀਅਤ ਦੀ ਸਿਖ਼ਰਲੀ ਪੌੜੀ ’ਤੇ ਸੀ।ਇਸ ਲਈ ਇਹ ਕਹਿਣਾ ਵਾਜਿਬ ਹੋਵੇਗਾ ਕਿ ਦੇਵਾ ਆਨੰਦ ਨੇ ਸੈਮ ਬਹਾਦਰ ਦੇ ਅੰਦਾਜ਼ ਨੂੰ ਅਪਣਾ ਕੇ ਫਿਲਮਾਂ ਵਿਚ ਆਪਣੀ ਧਾਂਕ ਜਮਾਈ।

ਪੇਸ਼ਕਸ਼

ਸੰਜੀਵਨ ਸਿੰਘ: 94174-60656

# ਜੱਥੇਦਾਰ ਰਣਜੀਤ ਸਿੰਘ ਤਲਵੰਡੀ ਦੀ ਅੰਤਿਮ ਅਰਦਾਸ ਭਲਕੇ



ਚੰਡੀਗੜ੍ਹ 13 ਦਸੰਬਰ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਦੱਸਿਆ ਕਿ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ( ਸੰਯੁਕਤ) ਦੇ ਸਕੱਤਰ ਜਨਰਲ, ਸਾਬਕਾ ਵਿਧਾਇਕ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਲੋਹਪੁਰਸ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਸਪੁੱਤਰ ਜਥੇਦਾਰ ਰਣਜੀਤ ਸਿੰਘ ਤਲਵੰਡੀ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦਾ ਭੋਗ ਅਤੇ ਅੰਤਿਮ ਅਰਦਾਸ ਮਿਤੀ 15 ਦਸੰਬਰ 2023 ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ(ਲੁਧਿਆਣਾ) ਵਿਖੇ ਸਮਾਂ ਸਵੇਰੇ 11.00 ਵਜੇ ਤੋਂ 1.00 ਵਜੇ ਤੱਕ ਹੋਵੇਗੀ। ਸੋ ਸਾਰੇ ਆਗੂ ਅਤੇ ਵਰਕਰ ਸਾਹਿਬਾਨਾਂ ਨੂੰ ਅਪੀਲ ਹੈ ਕਿ ਉਹ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ।

ਢੀਂਡਸਾ ਨੇ ਕਿਹਾ ਕਿ ਜਥੇਦਾਰ ਰਣਜੀਤ ਸਿੰਘ ਤਲਵੰਡੀ ਨੂੰ ਪੰਥ ਦੀ ਸੇਵਾ ਵਿਰਾਸਤ ਵਿੱਚੋਂ ਪ੍ਰਾਪਤ ਹੋਈ ਸੀ। ਉਹ ਆਪਣੇ ਦਾਦਾ ਜਥੇਦਾਰ ਛਾਂਗਾ ਸਿੰਘ ਅਤੇ ਪਿਤਾ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਹਮੇਸ਼ਾ ਪੰਥ ਨੂੰ ਸਮਰਪਿਤ ਰਹੇ।ਅਜਿਹੇ ਆਗੂ ਕੌਮ ਦਾ ਸਰਮਾਇਆ ਹਨ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਕਾਰਜਾਂ ਵਿਚ ਵੀ ਅਹਿਮ ਭੂਮਿਕਾ ਨਿਭਾਈ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਕਾਰਜਸ਼ੀਲ ਰਹੇ। ਜਥੇਦਾਰ ਰਣਜੀਤ ਸਿੰਘ ਤਲਵੰਡੀ ਵਲੋ ਪੂਰੀ ਤਨਦੇਹੀ ਨਾਲ ਨਿਭਾਈਆਂ ਸੇਵਾਵਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ।

# ਰੇਤ ਦੀ ਖੁਦਾਈ ਲਈ ਪੰਚਾਇਤੀ ਮਨਜ਼ੂਰੀ ਲਾਜ਼ਮੀ ਕੀਤੀ ਜਾਵੇ : ਮਨੀਸ਼ ਤਿਵਾੜੀ

ਚੰਡੀਗੜ੍ਹ, 13 ਦਸੰਬਰ (): ਸੀਨੀਅਰ ਕਾਂਗਰਸੀ ਆਗੂ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਸੁਝਾਅ ਦਿੱਤਾ ਹੈ ਕਿ ਰੇਤ ਦੀ ਮਾਈਨਿੰਗ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਪਿੰਡਾਂ ਦੀਆਂ ਪੰਚਾਇਤਾਂ ਤੋਂ ਇਜਾਜ਼ਤ ਲੈਣੀ ਲਾਜ਼ਮੀ ਕੀਤੀ ਜਾਵੇ।

ਅੱਜ ਲੋਕ ਸਭਾ ਵਿਚ ਸਵਾਲ ਉਠਾਉਂਦਿਆਂ, ਤਿਵਾੜੀ ਨੇ ਕਿਹਾ ਕਿ ਭਾਵੇਂ ਮਾਈਨਿੰਗ ਮਿਨਰਲ ਡਿਵੈਲਪਮੈਂਟ ਐਕਟ, ਜਿਸ ਤਹਿਤ ਰੇਤ ਦੀ ਮਾਈਨਿੰਗ ਆਉਂਦੀ ਹੈ, ਦਾ ਕੰਟਰੋਲ ਸੂਬਾ ਸਰਕਾਰਾਂ ਕੋਲ ਹੈ। ਇਸ ਕ੍ਰਮ ਵਿਚ, ਦੋ ਕੇਂਦਰੀ ਮੰਤਰਾਲਿਆਂ, ਵਾਤਾਵਰਣ ਅਤੇ ਮਾਈਨਿੰਗ ਨੇ 2017 ਵਿਚ ਸਸਟੇਨੇਬਲ ਰੇਤ ਮਾਈਨਿੰਗ ਨਾਲ



ਸਬੰਧਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲਾ ਵਾਤਾਵਰਨ ਪ੍ਰਭਾਵ ਮੁਲਾਂਕਣ ਕਮੇਟੀ ਵਲੋਂ ਰੇਤ ਦੀ ਖੁਦਾਈ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਜਿਸ 'ਤੇ ਉਨ੍ਹਾਂ ਸੁਝਾਅ ਦਿੱਤਾ ਕਿ ਕਿਉਂਕਿ ਕਈ ਟਨ ਵਜ਼ਨ ਵਾਲੇ ਵਾਹਨ ਸਬੰਧਤ ਪਿੰਡਾਂ ਵਿਚੋਂ ਲੰਘਦੇ ਹਨ, ਜਿੱਥੋਂ ਰੇਤਾ ਕੱਢਿਆ ਜਾਂਦਾ ਹੈ। ਇਸ ਕਾਰਣ ਉਨ੍ਹਾਂ ਪਿੰਡਾਂ ਦੀਆਂ ਸੜਕਾਂ ਦਾ ਕਾਫੀ ਨੁਕਸਾਨ ਹੁੰਦਾ ਹੈ। ਇਸ ਲਈ ਸਬੰਧਤ ਖੇਤਰਾਂ ਵਿਚ ਮਾਈਨਿੰਗ ਦੀ ਇਜਾਜ਼ਤ ਦੇਣ ਲਈ ਉਨ੍ਹਾਂ ਦੀ ਮਨਜ਼ੂਰੀ ਲਾਜ਼ਮੀ ਕੀਤੀ ਜਾਵੇ। ਤਿਵਾੜੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਰੇਤ ਦੀ ਖੁਦਾਈ ਕਈ ਵਾਤਾਵਰਣ ਅਤੇ ਬੁਨਿਆਦੀ ਢਾਂਚੇ ਲਈ ਖਤਰੇ ਪੈਦਾ ਕਰਦੀ ਹੈ ਅਤੇ ਸਥਾਨਕ ਪਿੰਡਾਂ ਖਾਸ ਕਰ ਕੇ ਸੜਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਇਸ ਮੁੱਦੇ 'ਤੇ ਸੰਸਦ ਮੈਂਬਰ ਤਿਵਾੜੀ ਦੇ ਸਵਾਲ ਦਾ ਜਵਾਬ ਦਿੰਦਿਆਂ ਕੋਲਾ, ਮਾਈਨਿੰਗ ਅਤੇ ਸੰਸਦੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਭਰੋਸਾ ਦਿੱਤਾ ਕਿ ਮਾਈਨਿੰਗ ਦੀ ਮਨਜ਼ੂਰੀ ਲਈ ਸਥਾਨਕ ਪੰਚਾਇਤਾਂ ਦੀ ਸਹਿਮਤੀ ਨੂੰ ਲਾਜ਼ਮੀ ਬਣਾਉਣ ਲਈ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਕੀਤੀ ਜਾਵੇਗੀ।

# ਫਿਰੌਤੀ ਲਈ ਕਾਰੋਬਾਰੀ ਦੇ ਘਰ 'ਤੇ ਗੋਲੀ ਚਲਾਉਣ ਵਾਲੇ ਦੋ ਨਾਬਾਲਗ ਕਾਬੂ

ਨਵੀਂ ਦਿੱਲੀ, 13 ਦਸੰਬਰ (ਪੋਸਟ ਬਿਊਰੋ): ਦਿੱਲੀ ਵਿੱਚ ਫਿਰੌਤੀ ਲਈ ਇੱਕ ਕਾਰੋਬਾਰੀ ਦੇ ਘਰ ਗੋਲੀਬਾਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਦਾ ਇੱਕ ਵੀਡੀਉ ਵੀ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਉ 'ਚ ਦੇਖਿਆ ਜਾ ਰਿਹਾ ਹੈ ਕਿ ਕਿਵੇਂ ਦੋ ਅਪਰਾਧੀ ਪਹਿਲਾਂ ਬਾਈਕ 'ਤੇ ਆਉਂਦੇ ਹਨ ਅਤੇ ਫਿਰ ਬਾਈਕ ਦੇ ਪਿੱਛੇ ਬੈਠੇ ਮੁਲਜ਼ਮ ਬਾਈਕ ਤੋਂ ਹੇਠਾਂ ਉਤਰਦੇ ਹਨ, ਕਾਰੋਬਾਰੀ ਦੇ ਘਰ ਦੇ ਦਰਵਾਜ਼ੇ 'ਤੇ ਪਹੁੰਚਦੇ ਹਨ ਅਤੇ ਗੋਲੀਬਾਰੀ ਕਰਦੇ ਹਨ। ਫਾਇਰਿੰਗ ਕਰਨ ਤੋਂ ਬਾਅਦ ਦੋਵੇਂ ਮੌਕੇ ਤੋਂ ਫਰਾਰ ਹੋ ਗਏ। ਗੋਲੀਬਾਰੀ ਦੀ ਇਹ ਘਟਨਾ ਕਾਰੋਬਾਰੀ ਦੇ ਘਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਸਬੰਧੀ ਦੋ ਮੁਲਜ਼ਮ




ਨਾਬਾਲਗਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਕ੍ਰਾਈਮ ਬ੍ਰਾਂਚ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਦਿੱਲੀ ਦੇ ਵਜ਼ੀਰਾਬਾਦ ਇਲਾਕੇ 'ਚ ਵਾਪਰੀ। ਜਿਸ ਕਾਰੋਬਾਰੀ ਦੇ ਘਰ ਗੋਲੀਬਾਰੀ ਦੀ ਘਟਨਾ ਵਾਪਰੀ, ਉਹ ਬਿਲਡਿੰਗ ਮਟੀਰੀਅਲ ਦਾ ਵਪਾਰ ਕਰਦਾ ਹੈ। ਕ੍ਰਾਈਮ ਬ੍ਰਾਂਚ ਨੇ ਇਸ ਘਟਨਾ 'ਚ ਸ਼ਾਮਲ ਦੋਵੇਂ ਨਾਬਾਲਗਾਂ ਨੂੰ ਸੋਨੀਪਤ ਤੋਂ ਹਿਰਾਸਤ 'ਚ ਲਿਆ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਬਾਹਰੀ ਦਿੱਲੀ ਦੇ ਪੁਠ ਖੁਰਦ ਇਲਾਕੇ ਤੋਂ ਹਥਿਆਰ ਸਪਲਾਈ ਕਰਨ ਵਾਲੇ ਵਿਅਕਤੀ ਦੇਵਰਾਜ ਡਬਾਸ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ।
ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300


ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com












**Dr. Randhawa Dentistry**
*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

# ਅਮਰੀਕਾ ਵਿਚ ਭਾਰਤੀ-ਅਮਰੀਕੀ ਭਾਈਚਾਰੇ ਨੇ 'ਗਰਬਾ' ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ

## ਯੂਨੈਸਕੋ ਵੱਲੋਂ 'ਗਰਬਾ' ਨੂੰ ਸਭਿਆਚਾਰਕ ਵਿਰਾਸਤ ਸੂਚੀ ਵਿਚ ਸ਼ਾਮਿਲ ਕਰਨ ਉਪਰ ਪ੍ਰਗਟਾਈ ਖੁਸ਼ੀ



ਸੈਕਰਾਮੈਂਟੋ,ਕੈਲੀਫੋਰਨੀਆ, 13 ਦਸੰਬਰ (ਹੁਸਨ ਲੜੋਆ ਬੰਗਾ): ਭਾਰਤੀ ਅਮਰੀਕੀ ਭਾਈਚਾਰੇ ਨੇ ਨਿਊ ਯਾਰਕ ਦੇ ਵਿਸ਼ਵ ਪ੍ਰਸਿੱਧ ਚੌਕ ਟਾਈਮਜ਼ ਸਕੁਏਅਰ ਵਿਖੇ 'ਗਰਬਾ' ਦੇ ਜਸ਼ਨ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਏ ਗਏ। ਇਸ ਮੌਕੇ ਹੋਏ ਇਕ ਵੱਡੇ ਇਕੱਠ ਵਿਚ ਨਿਊਜਰਸੀ ਸਮੇਤ ਨਿਊਯਾਰਕ ਦੇ ਆਸ ਪਾਸ ਦੇ ਖੇਤਰਾਂ ਵਿਚੋਂ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ। ਯੁਨੈਸਕੋ ਵੱਲੋਂ ਆਪਣੀ ਸਭਿਆਚਾਰਕ ਵਿਰਾਸਤ ਸੂਚੀ ਵਿਚ 'ਗਰਬਾ' ਨੂੰ ਸ਼ਾਮਿਲ ਕਰਨ ਉਪਰ ਖੁਸ਼ੀ ਪ੍ਰਗਟ ਕਰਨ ਲਈ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਵੱਲੋਂ ਹੋਰ ਕਈ ਸੰਗਠਨਾਂ ਤੇ ਕੌਂਸਲੇਟ ਜਨਰਲ ਆਫ ਇੰਡੀਆ ਨਿਊਯਾਰਕ ਦੇ ਸਮਰਥਨ ਨਾਲ ਕਰਵਾਏ ਇਸ ਸਮਾਗਮ ਵਿਚ ਸ਼ਾਮਿਲ ਲੋਕਾਂ ਨੇ ਰਵਾਇਤੀ ਗੁਜਰਾਤੀ ਨਾਚ ਕੀਤਾ ਤੇ ਇਕ ਦੂਸਰੇ ਨਾਲ ਖੁਸ਼ੀ ਸਾਂਝੀ ਕੀਤੀ। ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਸਭ ਨੂੰ ਖੁਲਾ ਸੱਦਾ ਦਿੱਤਾ ਗਿਆ ਸੀ। ਇਸ ਹਫਤੇ ਦੇ ਸ਼ੁਰੂ ਵਿਚ ਹੀ ਯੁਨੈਸਕੋ ਦੀ ਅੰਤਰਸਰਕਾਰੀ ਕਮੇਟੀ ਨੇ 'ਗਰਬਾ ਆਫ ਗੁਜਰਾਤ' ਨੂੰ ਸਭਿਆਚਾਰਕ ਵਿਰਾਸਤ ਸੂਚੀ ਵਿਚ ਸ਼ਾਮਿਲ ਕਰਨ ਦਾ ਐਲਾਨ ਕੀਤਾ ਸੀ।

**Grand Upholstery Ltd**
**Sofa Company** Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

# ਅਮਰੀਕੀ ਅਦਾਲਤ ਨੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਨਬਾਲਗ ਨੂੰ ਸੁਣਾਈ ਉਮਰ ਭਰ ਲਈ ਜੇਲ ਦੀ ਸਜ਼ਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - 2021 ਵਿਚ ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਆਪਣੇ 4 ਸਾਥੀ ਵਿਦਿਆਰਥੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਤੇ ਇਕ ਅਧਿਆਪਕ ਸਮੇਤ 6 ਹੋਰਨਾਂ ਨੂੰ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਅਦਾਲਤ ਨੇ 17 ਸਾਲਾ ਨਬਾਲਗ ਏਥਾਨ ਕਰੂੰਬਲੇ ਨੂੰ ਬਿਨਾਂ ਪੈਰੋਲ ਉਮਰ ਭਰ ਲਈ ਜੇਲ ਵਿਚ ਬੰਦ ਰਖਣ ਦੀ ਸਜ਼ਾ ਸੁਣਾਈ ਹੈ। ਓਕਲੈਂਡ ਕਾਊਂਟੀ ਸਰਕਟ ਕੋਰਟ ਜੱਜ ਵਾਮ ਰੋਏ ਨੇ ਬਚਾਅ ਪੱਖ ਦੇ ਵਕੀਲਾਂ ਵੱਲੋਂ ਆਖਰੀ ਸਮੇ ਵਿਚ ਕਰੂੰਬਲੇ ਦੀ ਉਮਰ ਦੇ ਮੱਦੇਨਜਰ ਉਸ ਨੂੰ ਮੁਆਫ ਕਰ ਦੇਣ ਦੀ ਕੀਤੀ ਅਪੀਲ ਰੱਦ ਕਰਦਿਆਂ ਕਿਹਾ ਕਿ ਏਥਾਨ ਕਰੂੰਬਲੇ ਨੇ ਖੁਦ ਅਦਾਲਤ ਨੂੰ ਕਿਹਾ ਹੈ ਕਿ " ਇਹ ਹੋਰ ਕਿਸੇ ਦੀ ਨਹੀਂ ਬਲਕਿ ਉਸ ਦੀ ਆਪਣੀ ਗਲਤੀ ਹੈ।" ਇਸ ਗੋਲੀਬਾਰੀ ਵਿਚ 17 ਸਾਲ ਤੋਂ ਘੱਟ ਉਮਰ ਦੇ 4 ਵਿਦਿਆਰਥੀ ਮਾਰੇ ਗਏ ਸਨ ਜਿਨਾਂ ਦੇ ਕਈ ਕਈ ਗੋਲੀਆਂ ਮਾਰੀਆਂ ਗਈਆਂ ਸਨ। ਮਾਰੇ ਗਏ ਵਿਦਿਆਰਥੀਆਂ ਵਿਚ ਜਸਟਿਨ ਸ਼ੀਲਿੰਗ , ਹਨਾ ਜੁਲੀਅਨਾ, ਟੇਟ ਮਾਇਰ ਤੇ ਮੈਡੀਸਿਨ ਬੈਲਡਵਿਨ ਸ਼ਾਮਿਲ ਹਨ। ਜਦੋਂ ਏਥਾਨ ਕਰੂੰਬਲੇ ਨੇ ਇਹ ਅਪਰਾਧ ਕੀਤਾ ਸੀ ਉਸ ਸਮੇ ਉਸ ਦੀ ਉਮਰ 15 ਸਾਲ ਸੀ।

**H.K. MOVERS**

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




LOCAL & LONG DISTANCE MOVING

SAFE, RELIABLE AND EFFICIENT SERVICE AT THE BEST RATES

WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017